ਸੰਮਤ: ੫੫੮ ਨਾਨਕਸ਼ਾਹੀ
ਸਾਕਾ: ੨੨੦
Weekly Paper
ਸਪਤਾਹਕ ਪਤਰ

ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਿਹ ॥

# ਖ਼ਾਲਸਾ ਅਖ਼ਬਾਰ

੧੭ ਚੇਤ ਸੰਨ ੨੦੨੬ Monday, 30 MARCH

ਮੁੱਖ ਸੰਪਾਦਕ
ਗਿਆਨੀ ਗੁਰਜੀਤ ਸਿੰਘ ਪਟਿਆਲਾ
ਸੰਪਾਦਕ: ਗੁਰਪ੍ਰੀਤ ਸਿੰਘ
ਉਪ ਸੰਪਾਦਕ: ਮੇਜਰ ਸਿੰਘ
ਅੰਗਰੇਜ਼ੀ ਸੰਪਾਦਿਕਾ: ਮਨਪ੍ਰੀਤ ਕੌਰ

www.khalsaakhbbar.com ਸੰਪਰਕ: +44 7491374913 khalsaakhbaar@gmail.com editor@khalsaakhbaar.com



## Conversation Between Maharaja Duleep Singh and His Mother

When the British annexed the Khalsa Raj in 1849 and sent the young Maharaja Duleep Singh to England, his mother, Maharani Jind Kaur, was imprisoned in Nepal. Mother and son longed deeply to see each other. On one side was the sorrow of losing a powerful and great kingdom, and on the other, the pain of separation—both unbearable—yet they were helpless.Like a bird trapped in a locked cage, Maharani Jind Kaur spent her days weeping, remembering her young son. This continued for years, and as a result, she eventually lost her eyesight. She repeatedly pleaded with the authorities to allow her to meet her son at least once.The British government agreed under certain conditions, but the Nepalese authorities warned that if she left Nepal, her pension would be stopped. Ignoring this, she chose to go. Finally, in 1861, the long-awaited moment arrived when Maharaja Duleep Singh was brought from England to Calcutta, and his mother came from Nepal to meet him.When they reunited, the blind mother embraced her son and wept bitterly. She blessed him and lovingly placed her hand on his head. But as she touched his head, she suddenly cried out and began to wail in grief. When Duleep Singh asked the reason, she said that losing the kingdom had not caused her as much pain as seeing that he had cut his hair.She scolded him, cursed her fate, and lamented deeply:Why had destiny played such a cruel joke on her? Had she not already suffered enough to be subjected to this new pain?According to her, the loss of the kingdom did not hurt her as much as the loss of her son's Sikh identity. It shattered her soul. She wished she had never lived to witness such a day.Maharaja Duleep Singh understood his mother's pain. He himself was deeply distressed. He explained that when the British took him to England, they forcibly converted him. He was just a child and had no choice, but he never accepted this injustice in his heart. With deep emotion, he said:"It is true, Mother, that I no longer have my hair, but my Guru still lives fully within me. Bless me so that I may once again adopt the Sikh form and return to the Guru's path. To me, Sikh identity and Kesh are more important than my kingdom. I promise you that when I get the opportunity, I will take Amrit and become a Singh. This is my first and final wish."Hearing her son's heartfelt words, the mother found some comfort. However, she could not bear her sorrow for long. After reaching England with her son, she passed away.

Poetic Expression (by poet "Jachak")When separated Jinda met Duleep,The helpless mother cried out in grief,Seeing no hair tied upon her son's head.She broke down completely, shattered within.Falling at her feet, he said:"The foreigners have taken me away from Sikhism, Mother.I will take Amrit and become a true Singh—I swear this in your presence, Mother." In the remaining years of his life, the sorrowful Duleep Singh made several attempts to escape from England. On one occasion, he even reached Egypt but was captured. According to the book "Dukhiye Maa Putt", he wrote a letter on 9 March 1886 to his relative Sardar Santa Singh of village Aamma (Amritsar), stating that he would soon return to India, take Amrit from Sardar Thakar Singh Sandhawalia, and fulfill the promise he made to his mother. However, the British government came to know of his plans. They first threatened him, but he remained unmoved. Then they tried to tempt him by offering to increase his annual pension to 5 lakh rupees if he abandoned his intention to return to India and become a Sikh again. But he was bound by the voice of his conscience.He once again attempted to travel to India, but the authorities did not allow his plans to succeed. Heartbroken, he eventually died in 1893 in a hotel in France while returning to England, carrying the unfulfilled desire of becoming a Singh in his heart.

ReflectionSee the irony of fate:Maharaja Ranjit Singh would reward those who wore a beautiful turban with land grants, yet his own son, Maharaja Duleep Singh, despite all his efforts, was never able to wear a turban again in his lifetime.This entire story deeply shakes our conscience, soul, and mind, reminding us that for a Sikh, Kesh (unshorn hair) and the Dastaar (turban) are as essential as life itself.

Final LinesProtect your hair, O brave Singhs!Preserve your Sikh identity, O brave Singhs!

**Saroop Singh Alag**

# ਕਾਲੇ ਲਿਖੁ ਨ ਲੇਖ



ਸ਼ੇਖ ਫ਼ਰੀਦ-ਉਦ-ਦੀਨ ਗੰਜਸ਼ਕਰ, ਫ਼ਰੀਦ-ਗੰਜ- ਏ ਸ਼ੱਕਰ ਫ਼ਰੀਦ, ਅਤੇ ਫ਼ਰੀਦ-ਉਦ-ਦੀਨ ਮਸੂਦ ਗੰਜਸ਼ਕਰ ਦੇ ਨਾਵਾਂ ਨਾਲ ਜਾਣੇ ਜਾਂਦੇ ਸੂਫ਼ੀ ਸੰਤ ਸ਼ੇਖ ਫ਼ਰੀਦ ਜੀ ਦਾ ਜਨਮ 12ਵੀਂ ਸਦੀ 'ਚ ਪਿੰਡ ਕੋਠੀਵਾਲ (ਪਾਕਿਸਤਾਨ) ਤੋਂ ਤਕਰੀਬਨ ਦਸ ਕਿਲੋਮੀਟਰ ਦੂਰ ਸ਼ੇਖ ਜਮਾਲੂਦੀਨ ਸੁਲੇਮਾਨ ਅਤੇ ਬੀਬੀ ਮਰੀਅਮ ਦੇ ਘਰ ਹੋਇਆ। ਫ਼ਰੀਦ ਜੀ ਬਚਪਨ 'ਚ ਹੀ ਆਪਣੇ ਪਿਤਾ ਸ਼ੇਖ ਜਮਾਲੂਦੀਨ ਸੁਲੇਮਾਨ ਦੇ ਪਿਆਰ ਤੋਂ ਮਰਹੂਮ ਹੋ ਗਏ। ਮਾਤਾ ਬੀਬੀ ਮਰੀਅਮ ਨੇ ਹੀ ਉਨ੍ਹਾਂ ਨੂੰ ਪਾਲ ਕੇ ਧਾਰਮਿਕ ਵਿੱਦਿਆ ਪ੍ਰਾਪਤੀ ਲਈ ਮੁਲਤਾਨ ਭੇਜਿਆ। ਉਨ੍ਹਾਂ ਦਿਨਾਂ ਵਿਚ ਮੁਲਤਾਨ ਸੰਸਾਰਿਕ ਅਤੇ ਰੂਹਾਨੀ ਵਿੱਦਿਆ ਦਾ ਕੇਂਦਰ ਸੀ। ਇਸ ਲਈ ਉਨ੍ਹਾਂ ਦੀ ਮੁਢਲੀ ਵਿੱਦਿਆ ਮੁਲਤਾਨ ਵਿਚ ਹੀ ਸ਼ੁਰੂ ਹੋਈ। ਫ਼ਰੀਦ ਜੀ ਉਸ ਸਮੇਂ ਦੇ ਸੂਫ਼ੀ ਸੰਤ ਅਤੇ ਵਿਦਵਾਨ ਖਵਾਜ਼ਾ ਕੁਤਬਦੀਨ ਬਖ਼ਤਿਆਰ ਕਾਕੀ ਦੇ ਮੁਰੀਦ ਸਨ। ਫ਼ਰੀਦ ਜੀ ਸ਼ਰੀਅਤ ਦੇ ਪੱਕੇ ਸੂਫ਼ੀ ਤੇ ਪੰਜ ਨਮਾਜ਼ੀ ਸਨ। ਫ਼ਰੀਦ ਜੀ ਇਸ਼ਕ ਮਜਾਜ਼ੀ ਦੇ ਕਵੀ ਨਾ ਹੋਕੇ, ਇਸ਼ਕ ਹਕੀਕੀ ਦੇ ਕਵੀ ਸਨ। ਸੰਤ ਸੁਭਾਅ ਦੇ ਮਾਲਕ ਰੱਬ ਦੀ ਰਜ਼ਾ 'ਚ ਰਹਿਣ ਵਾਲੇ ਸ਼ੇਖ ਫ਼ਰੀਦ ਜੀ ਨੂੰ ਪੰਜਾਬੀ ਬੋਲੀ ਦੇ ਪਹਿਲੇ ਕਵੀ ਵਜੋਂ ਵੀ ਜਾਣਿਆ ਜਾਂਦਾ ਹੈ ਅਤੇ ਸ਼ੇਖ ਫ਼ਰੀਦ ਜੀ ਦੀਆਂ ਰਚਨਾਵਾਂ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਦਰਜ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸ਼ੇਖ ਫ਼ਰੀਦ ਜੀ ਦੇ ਚਾਰ ਸ਼ਬਦ ਹਨ। ਦੋ ਸ਼ਬਦ ਆਸਾ ਰਾਗ ਵਿੱਚ ਅਤੇ ਦੋ ਸ਼ਬਦ ਸੂਹੀ ਰਾਗ ਵਿੱਚ ਹਨ। ਫ਼ਰੀਦ ਜੀ ਆਸਾ ਰਾਗ ਵਿੱਚ ਪਹਿਲੇ ਸ਼ਬਦ ਰਾਹੀਂ ਫ਼ੁਰਮਾਉਂਦੇ ਹਨ:

ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ॥
ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ॥੧॥
ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ॥
ਵਿਸਰਿਆ ਜਿਨ੍ ਨਾਮੁ ਤੇ ਭੁਇ ਭਾਰੁ ਥੀਏ ॥੧॥ ਰਹਾਉ॥

ਜਿਨ੍ਹਾਂ ਦੀ ਪ੍ਰਮਾਤਮਾ ਨਾਲ ਦਿਲੋਂ ਮੁਹੱਬਤ ਹੁੰਦੀ ਹੈ, ਉਹੀ ਪ੍ਰਮਾਤਮਾ ਦੇ ਸੱਚੇ ਆਸ਼ਕ ਹੁੰਦੇ ਹਨ, ਇਸੇ ਤਰ੍ਹਾਂ ਜਿਨ੍ਹਾਂ ਦੇ ਮਨ ਅੰਦਰ ਕੁਝ ਹੋਰ ਚੱਲ ਰਿਹਾ ਹੁੰਦਾ ਹੈ ਅਤੇ ਮੂੰਹੋਂ ਕੁਝ ਹੋਰ ਹੀ ਆਖਦੇ ਹਨ ਉਹ ਕੱਚੇ ਆਸ਼ਕ ਅਖਵਾਉਂਦੇ ਹਨ।ਜੋ ਉਸ ਪ੍ਰਮਾਤਮਾ ਦੀ ਮੁਹੱਬਤ ਵਿਚ ਭਿੱਜੇ ਹੋਏ ਹਨ, ਜੋ ਉਸ ਪ੍ਰਮਾਤਮਾ ਦੇ ਦੀਦਾਰ ਵਿਚ ਰੰਗੇ ਹੋਏ ਹਨ, ਉਹੀ ਅਸਲ ਮਨੁੱਖ ਹਨ। ਜਿਨ੍ਹਾਂ ਨੂੰ ਪ੍ਰਮਾਤਮਾ ਚੇਤੇ ਨਹੀਂ ਓਹ ਮਨੁੱਖ ਇਸਧਰਤੀ ਤੇ ਬੋਝ (ਭਾਰ) ਸਮਾਨ ਹਨ। ਇਸੇ ਤਰ੍ਹਾਂ ਫ਼ਰੀਦ ਜੀ ਆਸਾ ਰਾਗ ਵਿੱਚ ਆਪਣੇ ਦੂਜੇ ਸ਼ਬਦ ਵਿਚ ਫ਼ੁਰਮਾਉਂਦੇ ਹਨ:

ਬੋਲੈ ਸੇਖ ਫਰੀਦੁ ਪਿਆਰੇ ਅਲਹ ਲਗੇ ॥
ਇਹੁ ਤਨੁ ਹੋਸੀ ਖਾਕ ਨਿਮਾਣੀ ਗੋਰ ਘਰੇ॥੧॥
ਆਜੁ ਮਿਲਾਵਾ ਸੇਖ ਫਰੀਦ ਟਾਕਿਮ ਕੂੰਜੜੀਆ ਮਨਹੁ ਮਚਿੰਦੜੀਆ॥੧॥ ਰਹਾਉ॥

ਫ਼ਰੀਦ ਜੀ ਫ਼ੁਰਮਾਉਂਦੇ ਹਨ ਕਿ ਪਿਆਰਿਆ ਪ੍ਰਮਾਤਮਾ ਦੇ ਲੜ ਲੱਗ। ਮਨੁੱਖ ਨੂੰ ਮਨੁੱਖੀ ਜੀਵਨ ਦੀ ਸੋਝੀ ਕਰਵਾਉਂਦਿਆਂ ਸਮਝਾਉਂਦੇ ਹਨ ਕਿ ਇਕ ਦਿਨ ਤੇਰਾ ਇਹ ਸ਼ਰੀਰ ਕਿਸੇ ਕਬਰ ਵਿਚ ਪੈਕੇ ਮਿੱਟੀ ਹੋ ਜਾਵੇਗਾ।ਫ਼ਰੀਦ ਜੀ ਫ਼ੁਰਮਾਉਂਦੇ ਹਨ ਕਿ ਇਸ ਮਨੁੱਖੀ ਜੀਵਨ 'ਚ ਹੀ ਪ੍ਰਮਾਤਮਾ ਨਾਲ ਮਿਲਾਪ ਹੋ ਸਕਦਾ ਹੈ। ਇਸ ਲਈ ਆਪਣੇ ਮਨ ਨੂੰ ਇਕਾਗਰ ਕਰ, ਆਪਣੇ ਮਨ ਨੂੰ ਟਿਕਾ ਤੇ ਮਨ ਨੂੰ ਭਟਕਾਉਣ ਵਾਲੀਆ ਇੰਦਰੀਆਂ ਨੂੰ ਆਪਣੇ ਕਾਬੂ ਵਿੱਚ ਰੱਖ।ਰਾਗ ਸੂਹੀ ਬਾਣੀ ਦੇ ਪਹਿਲੇ ਸ਼ਬਦ ਵਿਚ ਫ਼ਰੀਦ ਜੀ ਫ਼ੁਰਮਾਉਂਦੇ ਹਨ:

ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ॥
ਬਾਵਲਿ ਹੋਈ ਸੋ ਸਹੁ ਲੋਰਉ॥
ਤੈ ਸਹਿ ਮਨ ਮਹਿ ਕੀਆ ਰੋਸੁ ॥
ਮੁਝੁ ਅਵਗਨ ਸਹ ਨਾਹੀ ਦੋਸੁ ॥੧॥
ਤੈ ਸਾਹਿਬ ਕੀ ਮੈ ਸਾਰ ਨ ਜਾਨੀ ॥
ਜੋਬਨੁ ਖੋਇ ਪਾਛੈ ਪਛੁਤਾਨੀ ॥੧॥ ਰਹਾਉ॥
(ਅੰਗ ੭੯੪)

ਮੈਂ ਬੜੀ ਦੁਖੀ ਹੋ ਕੇ ਹੱਥ ਮਲ ਰਹੀ ਹਾਂ ਅਤੇ ਕਮਲੀ ਹੋ ਉਸ ਖਸਮ (ਪ੍ਰਮਾਤਮਾ) ਨੂੰ ਲਭਦੀ ਫਿਰਦੀ ਹਾਂ। ਤੁਸੀਂ ਆਪਣੇ ਮਨ ਅੰਦਰ ਮੇਰੇ ਪ੍ਰਤੀ ਰੋਸ ਪ੍ਰਗਟ ਕੀਤਾ ਹੋਇਆ ਹੈ ਪ੍ਰੰਤੂ ਆਪ ਦਾ ਇਸ ਵਿਚ ਕੋਈ ਦੋਸ਼ ਨਹੀਂ, ਮੇਰੇ ਅੰਦਰ ਹੀ ਔਗੁਣ ਸਨ।ਮੇਰੇ ਪ੍ਰਮਾਤਮਾ ਮੈਂ ਤੇਰੀ ਕਦਰ ਨਾ ਜਾਣ ਸਕੀ ਤੇ ਜੁਆਨੀ ਦਾ ਸਮਾਂ ਗੁਆ ਹੁਣ ਪਛੁਤਾ ਰਹੀ ਹਾਂ।ਫ਼ਰੀਦ ਜੀ ਰਾਗ ਸੂਹੀ ਬਾਣੀ ਦੇ ਦੂਜੇ ਸ਼ਬਦ ਵਿਚ ਫ਼ਰਮਾਉਂਦੇ ਹਨ:

ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ॥
ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ ॥੧॥
ਹਥੁ ਨ ਲਾਇ ਕਸੁੰਭੜੈ ਜਲਿ ਜਾਸੀ ਢੋਲਾ॥੧॥ ਰਹਾਉ ॥(ਅੰਗ ੭੯੪)

ਜੋ ਸਮਾਂ ਉਸ ਪ੍ਰਭੂ ਦੇ ਨਾਮ ਰੂਪੀ ਬੇੜਾ ਤਿਆਰ ਕਰਨ ਦਾ ਸੀ, ਓਹ ਸਮਾਂ ਖੁੰਝ ਗਿਆ ਤੇ ਓਹ ਨਾਮ ਰੂਪੀ ਬੇੜਾ ਜਿਸ ਨੇ ਪਾਰ ਲੰਘਾਉਣਾ ਸੀ ਓਹ ਤਿਆਰ ਨਾ ਹੋ ਸਕਿਆ ਤੇ ਜਦੋਂ ਵਿਕਾਰਾਂ ਦਾ ਸਮੁੰਦਰ ਭਰ ਕੇ ਉਛਲਣ ਲੱਗਾ ਤਦ ਇਸ ਵਿਕਾਰਾਂ ਰੂਪੀ ਸਮੁੰਦਰ ਵਿਚ ਤਰਨਾ ਔਖਾ ਹੋ ਗਿਆ।ਇਸ ਸ਼ਬਦ ਵਿਚ ਕਸੁੰਭੜੇ ਤੋਂ ਭਾਵ ਮਾਇਆ ਹੈ, ਕਸੁੰਭੜਾ ਇਕ ਫੁੱਲ ਹੈ ਜਿਸ ਦਾ ਰੰਗ ਕੱਚਾ ਹੁੰਦਾ ਹੈ, ਭਾਵ ਇਹ ਮਾਇਆ ਦਾ ਸਾਥ ਛੇਤੀ ਨਸ਼ਟ ਹੋਣ ਵਾਲਾ ਹੈ।ਇਸੇ ਤਰ੍ਹਾਂ ਅੰਗ 1377 ਤੋਂ ਲੈ ਕੇ 1384 ਤੱਕ 'ਸਲੋਕ ਸ਼ੇਖ ਫ਼ਰੀਦ ਕੇ' ਸਿਰਲੇਖ ਹੇਠ 130 ਸਲੋਕ ਦਰਜ ਹਨ, ਜਿਨ੍ਹਾਂ 'ਚੋਂ ਗੁਰੂ ਨਾਨਕ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਦੇ ਕੁੱਲ ਮਿਲਾ ਕੇ 18 ਸਲੋਕ ਸ਼ਾਮਲ ਹਨ। ਬਾਕੀ ਦੇ 112 ਸਲੋਕ ਬਾਬਾ ਸ਼ੇਖ਼ ਫ਼ਰੀਦ ਜੀ ਦੇ ਹਨ। ਸ਼ੇਖ ਫ਼ਰੀਦ ਜੀ ਦੀ ਬਾਣੀ ਉੱਚਿਤ ਹੋਣ ਕਰਕੇ ਹੀ ਗੁਰੂ ਅਰਜਨ ਦੇਵ ਜੀ ਨੇ ਉਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕੀਤੀ ਅਤੇ ਉਸ ਨੂੰ ਲੋਕਾਈ ਦੇ ਭਲੇ ਖਾਤਰ ਹਮੇਸ਼ਾ ਵਾਸਤੇ ਸੰਭਾਲ ਲਿਆ। ਸ਼ੇਖ ਫ਼ਰੀਦ ਜੀ ਆਪਣੇ ਸਲੋਕਾਂ ਨਾਲ ਦੁਨੀਆਵੀ ਲੋਕਾਂ ਨੂੰ ਜੀਵਨ ਦੀ ਸੋਝੀ ਕਰਵਾਉਂਦਿਆਂ ਸਮਝਾਉਂਦੇ ਹਨ:

ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ॥ ਆਪਨੜੇ ਗਿਰੀਵਾਨ ਮਹਿ ਸਿਰੁ ਨੀਂਵਾਂ ਕਰਿ ਦੇਖੁ ॥੬॥(ਅੰਗ ੧੩੭੮)

ਫ਼ਰੀਦ ਜੀ ਲੋਕਾਈ ਨੂੰ ਜਾਗ੍ਰਿਤ ਕਰਦਿਆਂ ਆਪਣੇ ਆਪ ਨੂੰ ਸੰਬੋਧਨ ਕਰਦਿਆਂ ਕਹਿੰਦੇ ਹਨ ਕਿ ਹੇ ਫ਼ਰੀਦ ਜੇਕਰ ਤੂੰ ਬਹੁਤੀ ਅਕਲ ਵਾਲਾ, ਬਰੀਕ ਸਮਝ ਵਾਲਾ ਹੈ ਤਾਂ ਕਾਲੇ ਲੇਖ ਭਾਵ ਮਾੜੇ ਕਰਮ ਨਾ ਕਰ, ਤੇ ਹੋਰਨਾਂ ਦੇ ਕਰਮਾਂ ਦਾ ਲੇਖਾ ਜੋਖਾ ਦੇਖਣ ਦੀ ਬਜਾਏ ਆਪਣੀ ਬੁੱਕਲ ਵਿਚ ਵੀ ਸਿਰ ਨੀਵਾਂ ਕਰਕੇ ਦੇਖ, ਭਾਵ ਅਪਣੇ ਅੰਦਰ ਦੇ ਔਗੁਣ ਦੇਖ। ਇਸੇ ਤਰ੍ਹਾਂ ਫ਼ਰੀਦ ਜੀ ਆਪਣੇ ਇਕ ਸਲੋਕ ਵਿਚ ਫ਼ੁਰਮਾਉਂਦੇ ਹਨ:

ਫਰੀਦਾ ਖਾਕੁ ਨ ਨਿੰਦੀਐ ਖਾਕੂ ਜੇਡੁ ਨ ਕੋਇ॥
ਜੀਵਦਿਆ ਪੈਰਾ ਤਲੈ ਮੁਇਆ ਉਪਰਿ ਹੋਇ॥੧੭॥
(ਅੰਗ ੧੩੭੮)

ਫ਼ਰੀਦ ਜੀ ਫੁਰਮਾਉਂਦੇ ਹਨ ਕਿ ਮਿੱਟੀ ਨੂੰ ਨਿੰਦਣਾ ਨਹੀਂ ਚਾਹੀਦਾ, ਇਹ ਮਿੱਟੀ ਹੀ ਹੈ ਜੋ ਮਨੁੱਖ ਦੇ ਜਿਉਂਦੇ ਜੀ ਪੈਰਾਂ ਹੇਠ ਹੁੰਦੀ ਹੈ, ਤੇ ਮਨੁੱਖ ਦੇ ਮਰਨ ਉਪ੍ਰੰਤ ਉਸ ਦੇ ਉੱਤੇ ਹੋ ਜਾਂਦੀ ਹੈ। ਇਸ ਸਲੋਕ ਰਾਹੀਂ ਫ਼ਰੀਦ ਜੀ ਨੇ ਜੇ ਇਕ ਪਾਸੇ ਕੁਦਰਤੀ ਤੱਤਾਂ ਦੀ ਮਹੱਤਤਾ ਨੂੰ ਦ੍ਰਿੜਾਇਆ ਹੈ ਤਾਂ ਦੂਜੇ ਪਾਸੇ ਇਸ ਕੁਦਰਤੀ ਵਰਤਾਰੇ ਤੋਂ ਪ੍ਰੇਰਨਾ ਲੈਣ ਦੀ ਗੱਲ ਵੀ ਕਹੀ ਹੈ।ਸ਼ੇਖ ਫ਼ਰੀਦ ਜੀ ਚਿਸ਼ਤੀ ਸਿਲਸਿਲੇ ਨਾਲ ਸੰਬੰਧਤ ਪੰਜਾਬੀ ਦੇ ਪਹਿਲੇ ਵੱਡੇ ਮਕਬੂਲ ਸ਼ਾਇਰ ਸਨ। ਖੁਦਾ ਦੀ ਇਬਾਦਤ 'ਚ ਲੀਨ ਸ਼ੇਖ ਫ਼ਰੀਦ ਜੀ 12ਵੀਂ, 13ਵੀਂ ਸਦੀ ਦੇ ਉਹ ਪਹਿਲੇ ਕਵੀ ਹੋਏ, ਜਿਨ੍ਹਾਂ ਨੇ ਖੁਦਾ ਦੀ ਰਹਿਮਤ ਸਦਕਾ ਆਪਣੇ ਭਾਵ, ਖਿਆਲ ਪੰਜਾਬੀ ਭਾਸ਼ਾ 'ਚ ਪ੍ਰਗਟ ਕਰ ਨਾਮਣਾ ਖੱਟਿਆ। ਫ਼ਰੀਦ ਜੀ ਲਹਿੰਦੇ ਪੰਜਾਬ ਦੇ ਵਸਨੀਕ ਸਨ, ਇਸ ਲਈ ਇਨ੍ਹਾਂ ਦੀ ਭਾਸ਼ਾ ਨੂੰ ਲਹਿੰਦੀ ਕਿਹਾ ਜਾਂਦਾ ਹੈ। ਉਨ੍ਹਾਂ ਨੇ ਆਪਣੇ ਜੀਵਨ ਦਾ ਕਾਫੀ ਸਮਾਂ ਲਹਿੰਦੇ ਪੰਜਾਬ ਦੇ ਜ਼ਿਲ੍ਹੇ ਮਿੰਟਗੁਮਰੀ ਦੇ ਨਗਰ ਪਾਕਪਟਨ 'ਚ ਗੁਜ਼ਾਰਿਆ, ਜੋ ਮਿੰਟਗੁਮਰੀ ਤੋਂ ਤਕਰੀਬਨ 46-47 ਕਿਲੋਮੀਟਰ ਦੱਖਣ-ਪੁਰਬ ਦਿਸ਼ਾ 'ਚ ਹੈ।12ਵੀਂ ਸਦੀ ਦੇ ਸੂਫ਼ੀ ਸੰਤ ਅਤੇ ਪ੍ਰਚਾਰਕ ਸ਼ੇਖ ਫ਼ਰੀਦ ਜੀ ਜਦੋਂ ਨਗਰ ਮੋਕਲਹਰ (ਮੌਜੂਦਾ ਫਰੀਦਕੋਟ) ਪਹੁੰਚੇ ਤਾਂ ਇੱਕ ਟਿੱਲੇ ਦੇ ਉੱਪਰ ਬੈਠ ਖੁਦਾ ਦੀ ਇਬਾਦਤ 'ਚ ਲੀਨ ਹੋ ਗਏ। ਮੋਕਲਹਰ ਦੀ ਸਥਾਪਨਾ 13ਵੀਂ ਸਦੀ 'ਚ ਰਾਜਸਥਾਨ ਦੇ ਭਟਨੇਰ ਦੇ ਭੱਟੀ ਮੁਖੀ ਰਾਏ ਮੁੰਜ ਦੇ ਪੋਤਰੇ ਰਾਜਾ ਮੋਕਲਸੀ ਵੱਲੋਂ ਕੀਤੀ ਗਈ ਸੀ।ਉਸ ਸਮੇਂ ਇਸ ਇਲਾਕੇ 'ਤੇ ਆਪਣਾ ਰਾਜ ਸਥਾਪਤ ਕਰਕੇ ਇੱਕ ਕਿਲ੍ਹਾ ਬਣਵਾਇਆ। ਇਤਫ਼ਾਕਨ ਉਸ ਸਮੇਂ ਕਿਲ੍ਹੇ ਦੀ ਉਸਾਰੀ ਵਿੱਚ ਜ਼ਬਰਨ ਕੰਮ ਕਰਨ ਲਈ ਲਗਾਏ ਗਏ ਮਜ਼ਲੂਮ ਮਜ਼ਦੂਰਾਂ 'ਚੋਂ ਇੱਕ ਫ਼ਰੀਦ ਜੀ ਵੀ ਸਨ। ਇਕ ਪ੍ਰਚਲਤ ਕਥਾ ਮੁਤਾਬਕ ਜਦੋਂ ਫ਼ਰੀਦ ਜੀ ਕਿਲ੍ਹੇ ਦੀ ਉਸਾਰੀ ਲਈ ਗਾਰੇ ਦੇ ਟੋਕਰੇ ਚੁੱਕਦੇ ਤਾਂ ਟੋਕਰਾ ਉਨ੍ਹਾਂ ਦੇ ਸਿਰ ਤੋਂ ਆਪਣੇ ਆਪ ਉੱਚਾ ਹੋ ਜਾਂਦਾ ਸੀ ਅਤੇ ਟੋਕਰੇ ਦਾ ਭਾਰ ਉਨ੍ਹਾਂ ਦੇ ਸਿਰ 'ਤੇ ਨਹੀਂ ਸੀ ਆਉਂਦਾ।ਇਹ ਗੱਲ ਜਦੋਂ ਰਾਜਾ ਮੋਕਲਸੀ ਦੇ ਕੰਨੀ ਪਈ ਤਾਂ ਇਹ ਕੌਤਕ ਦੇਖ ਕੇ ਰਾਜਾ ਮੋਕਲਸੀ ਸਮਝ ਗਿਆ ਕਿ ਇਹ ਕੋਈ ਪਹੁੰਚੇ ਹੋਏ ਕਾਮਲ ਫ਼ਕੀਰ ਹਨ। ਰਾਜਾ ਮੋਕਲਸੀ ਫ਼ਰੀਦ ਜੀ ਦੀ ਇਸ ਕੌਤਕੀ ਸ਼ਖ਼ਸੀਅਤ ਅਤੇ ਪਾਕ ਕਰਣੀ ਤੋਂ ਇਸ ਕਦਰ ਪ੍ਰਭਾਵਿਤ ਹੋਇਆ ਕਿ ਉਸ ਆਪਣੇ ਨਾਂ 'ਤੇ ਵਸਾਏ ਸ਼ਹਿਰ ਦਾ ਨਾਮ ਫ਼ਰੀਦ ਜੀ ਦੇ ਨਾਮ 'ਤੇ 'ਫਰੀਦਕੋਟ ਰੱਖ ਦਿੱਤਾ। ਉਸੇ ਦਿਨ ਤੋਂ ਇਸ ਨਗਰ ਨੂੰ ਸ਼ੇਖ ਫ਼ਰੀਦ ਜੀ ਦੇ ਸ਼ਹਿਰ ਫਰੀਦਕੋਟ ਵਜੋਂ ਜਾਣਿਆ ਜਾਣ ਲੱਗਿਆ। ਅਖੀਰ ਫ਼ਕੀਰਾਨਾ ਸੁਭਾਅ ਦੇ ਮਾਲਿਕ, ਉੱਚ ਕੋਟੀ ਦੇ ਸੂਫੀ ਫ਼ਕੀਰ ਬਾਬਾ ਸ਼ੇਖ ਫ਼ਰੀਦ ਜੀ ਪਾਕਪਟਨ ਵਿੱਚ 13ਵੀਂ ਸਦੀ 'ਚ ਇਸ ਜ਼ਹਾਨੋਂ ਰੁਖ਼ਸਤ ਹੋ ਗਏ।

**ਹਰਮਨਜੀਤ ਸਿੰਘ**

# ਸ਼ਬਦਾਂ ਦੀ ਸੰਗਤ: ਕਿਤਾਬਾਂ ਦਾ ਸਫ਼ਰ ਅਤੇ ਵਿਚਾਰਾਂ ਦਾ ਵਿਸਥਾਰ

ਮੇਰੇ ਕੋਲ ਅਕਸਰ ਇਹ ਸਵਾਲ ਆਉਂਦਾ ਹੈ ਕਿ ਕਿਹੜੀ ਕਿਤਾਬ ਪੜ੍ਹੀ ਜਾਵੇ? ਕਿਹੜੀਆਂ ਕਿਤਾਬਾਂ ਵਧੀਆ ਹਨ? ਅਸੀਂ ਖਰੀਦਦਾਰੀ ਦੇ ਘੱਟ ਅਤੇ ਤੇਜ਼ ਵਕਤ ਦੌਰਾਨ ਵਧੀਆ ਕਿਤਾਬ ਕਿਵੇਂ ਪਹਿਚਾਣ ਸਕਦੇ ਹਾਂ? ਇਹ ਸਵਾਲ ਸਿਰਫ਼ ਇੱਕ ਪਾਠਕ ਦਾ ਨਹੀਂ, ਸਗੋਂ ਅੱਜ ਦੇ ਪੂਰੇ ਸਮਾਜ ਦਾ ਸਵਾਲ ਬਣ ਚੁੱਕਾ ਹੈ। ਅਸੀਂ ਉਸ ਯੁੱਗ ਵਿੱਚ ਜੀ ਰਹੇ ਹਾਂ ਜਿੱਥੇ ਚੋਣਾਂ ਬਹੁਤ ਹਨ, ਪਰ ਸਮਝ ਘੱਟ ਹੋ ਰਹੀ ਹੈ। ਜਿੱਥੇ ਕਿਤਾਬਾਂ ਦੀ ਕਮੀ ਨਹੀਂ, ਪਰ ਪੜ੍ਹਨ ਦੀ ਦਿਸ਼ਾ ਧੁੰਦਲੀ ਹੋ ਗਈ ਹੈ।ਪਰ ਕੀ ਸੱਚਮੁੱਚ "ਵਧੀਆ ਕਿਤਾਬ" ਦੀ ਪਹਿਚਾਣ ਪਹਿਲਾਂ ਤੋਂ ਕੀਤੀ ਜਾ ਸਕਦੀ ਹੈ? ਜਾਂ ਫਿਰ ਪੜ੍ਹਨ ਦਾ ਅਸਲ ਮਕਸਦ ਹੀ ਇਹ ਨਹੀਂ ਹੈ ਕਿ ਅਸੀਂ ਹਰ ਕਿਤਾਬ ਰਾਹੀਂ ਆਪਣੀ ਸੋਚ ਨੂੰ ਵਿਸ਼ਾਲ ਕਰੀਏ? ਅਸਲ ਗੱਲ ਇਹ ਹੈ ਕਿ ਕੋਈ ਵੀ ਕਿਤਾਬ ਸਿਰਫ਼ ਉਸ ਵੇਲੇ "ਵਧੀਆ" ਬਣਦੀ ਹੈ, ਜਦੋਂ ਉਹ ਪਾਠਕ ਦੇ ਮਨ ਵਿੱਚ ਨਵੇਂ ਸਵਾਲ ਜਗਾਏ, ਉਸਨੂੰ ਸੋਚਣ 'ਤੇ ਮਜਬੂਰ ਕਰੇ ਜਾਂ ਉਸਦੀ ਸਮਝ ਨੂੰ ਇੱਕ ਕਦਮ ਅੱਗੇ ਵਧਾਏ।ਇਸ ਲਈ ਕਿਤਾਬ ਦੀ ਚੋਣ ਦਾ ਸਭ ਤੋਂ ਵੱਡਾ ਮਾਪਦੰਡ ਕੋਈ ਬਾਹਰੀ ਸੂਚੀ ਜਾਂ ਰੇਟਿੰਗ ਨਹੀਂ, ਸਗੋਂ ਪਾਠਕ ਦੀ ਆਪਣੀ ਜਿਗਿਆਸਾ ਹੁੰਦੀ ਹੈ। ਬਹੁਤ ਸਾਰੇ ਪਾਠਕਾਂ ਨੇ ਦੱਸਿਆ ਹੈ ਕਿ ਉਹਨਾਂ ਨੇ ਪਹਿਲਾਂ ਸਧਾਰਣ ਨਾਵਲਾਂ ਨਾਲ ਪੜ੍ਹਨਾ ਸ਼ੁਰੂ ਕੀਤਾ, ਪਰ ਹੌਲੀ-ਹੌਲੀ ਉਹ ਦਰਸ਼ਨਿਕ, ਇਤਿਹਾਸਕ ਅਤੇ ਮਨੋਵਿਗਿਆਨਕ ਲਿਖਤਾਂ ਤੱਕ ਪਹੁੰਚ ਗਏ। ਇਸਦਾ ਮਤਲਬ ਇਹ ਹੈ ਕਿ ਪੜ੍ਹਨ ਦੀ ਯਾਤਰਾ ਸਧਾਰਣ ਤੋਂ ਡੂੰਘਾਈ ਵੱਲ ਖੁਦ ਹੀ ਵਿਕਸਿਤ ਹੁੰਦੀ ਹੈ।ਇੱਥੇ ਇਹ ਗੱਲ ਵੀ ਸਮਝਣਯੋਗ ਹੈ ਕਿ ਪੜ੍ਹਨ ਦੀ ਇਹ ਯਾਤਰਾ ਕਿਸੇ ਇੱਕ ਦਿਨ ਦਾ ਫੈਸਲਾ ਨਹੀਂ ਹੁੰਦੀ, ਸਗੋਂ ਲਗਾਤਾਰ ਬਣਨ ਵਾਲੀ ਆਦਤ ਦਾ ਨਤੀਜਾ ਹੁੰਦੀ ਹੈ। ਅੱਜ ਦੇ ਡਿਜ਼ੀਟਲ ਯੁੱਗ ਵਿੱਚ ਭਾਵੇਂ ਅਸੀਂ ਈ-ਬੁੱਕਸ ਜਾਂ ਆਡੀਓ ਬੁੱਕਸ ਰਾਹੀਂ ਜਾਣਕਾਰੀ ਹਾਸਿਲ ਕਰ ਰਹੇ ਹਾਂ, ਪਰ ਪੰਨਿਆਂ ਦੀ ਖੜਕਾਹਟ ਅਤੇ ਕਾਗਜ਼ੀ ਕਿਤਾਬ ਦਾ ਠਹਿਰਾਓ ਅੱਜ ਵੀ ਮਨੁੱਖੀ ਮਨ ਨੂੰ ਡੂੰਘੀ ਇਕਾਗਰਤਾ ਬਖ਼ਸ਼ਦਾ ਹੈ। ਮਾਧਿਅਮ ਕੋਈ ਵੀ ਹੋਵੇ, ਮਕਸਦ ਸ਼ਬਦਾਂ ਨਾਲ ਜੁੜਨਾ ਅਤੇ ਉਨ੍ਹਾਂ ਨੂੰ ਜੀਵਨ ਵਿੱਚ ਉਤਾਰਨਾ ਹੋਣਾ ਚਾਹੀਦਾ ਹੈ।ਜੇ ਸਮਾਂ ਘੱਟ ਹੈ ਤਾਂ ਵੀ ਕੁਝ ਸਰਲ ਤਰੀਕੇ ਸਾਡੀ ਮਦਦ ਕਰ ਸਕਦੇ ਹਨ। ਕਿਤਾਬ ਦਾ ਸਿਰਲੇਖ, ਲੇਖਕ ਦਾ ਪਿਛੋਕੜ, ਅੰਦਰੂਨੀ ਸੂਚੀ (ਤਤਕਰਾ), ਪਹਿਲੇ ਕੁਝ ਪੰਨੇ ਜਾਂ ਕਿਸੇ ਇੱਕ ਅਧਿਆਇ ਜਾਂ ਭਾਗ ਨੂੰ ਇਕ ਝਲਕ ਦੇਖਣਾ। ਇਹ ਸਾਰੇ ਇਸ਼ਾਰੇ ਦੱਸ ਦਿੰਦੇ ਹਨ ਕਿ ਇਹ ਲਿਖਤ ਸਾਡੇ ਮਨ ਨਾਲ ਗੱਲ ਕਰਦੀ ਹੈ ਜਾਂ ਨਹੀਂ। ਪਰ ਇਸ ਤੋਂ ਵੀ ਵੱਡੀ ਗੱਲ ਇਹ ਹੈ ਕਿ ਪੜ੍ਹਨ ਦੀ ਆਦਤ ਨੂੰ "ਸਿਰਫ਼ ਚੁਣੀ ਹੋਈਆਂ ਵਧੀਆ ਕਿਤਾਬਾਂ" ਤੱਕ ਸੀਮਿਤ ਨਾ ਕੀਤਾ ਜਾਵੇ। ਕਿਉਂਕਿ ਅਕਸਰ ਇੱਕ ਆਮ ਜਿਹੀ ਲੱਗਣ ਵਾਲੀ ਕਿਤਾਬ ਮਨੁੱਖ ਦੀ ਸੋਚ ਵਿੱਚ ਸਭ ਤੋਂ ਵੱਡਾ ਬਦਲਾਅ ਲਿਆ ਸਕਦੀ ਹੈ।ਇਨਾਂ ਗੱਲਾਂ ਨੂੰ ਸਰਲਤਾ ਅਤੇ ਤਰਕਸ਼ੀਲਤਾ ਨਾਲ ਇੱਕ ਛੋਟੇ ਤਿੰਨ-ਕਦਮੀ ਤਰੀਕੇ ਨਾਲ ਵੀ ਸਮਝਿਆ ਜਾ ਸਕਦਾ ਹੈ: 1 ਆਪਣੀ ਰੁਚੀ ਅਤੇ ਮਕਸਦ ਨੂੰ ਸਮਝੋ: (ਕੀ ਸਿੱਖਣਾ ਹੈ)। 2 ਕਿਤਾਬ ਦੀ ਝਲਕ ਦੇਖੋ: (ਸਿਰਲੇਖ, ਤਤਕਰਾ, ਪਹਿਲੇ ਪੰਨੇ)। 3 ਸੰਵਾਦ ਪਹਿਚਾਣੋ: 04 ਜਾਂ 05 ਪੰਨੇ ਪੜ੍ਹ ਕੇ ਫੈਸਲਾ ਕਰੋ ਕਿ ਕੀ ਇਹ ਲਿਖਤ ਤੁਹਾਡੇ ਨਾਲ ਸੰਵਾਦ ਕਰ ਰਹੀ ਹੈ ਜਾਂ ਨਹੀਂ।ਇਸ ਪ੍ਰਸ਼ਨ ਨੂੰ ਜੇ ਹੋਰ ਡੂੰਘਾਈ ਨਾਲ ਵੇਖੀਏ ਤਾਂ ਇਹ ਸਿਰਫ਼ ਚੋਣ ਦਾ ਨਹੀਂ, ਸਗੋਂ ਮਨੁੱਖੀ ਮਨ ਦੀ ਬਣਤਰ ਦਾ ਸਵਾਲ ਹੈ। ਮਨੋਵਿਗਿਆਨ ਦੱਸਦਾ ਹੈ ਕਿ ਮਨੁੱਖ ਉਹੀ ਚੀਜ਼ ਵਧੀਆ ਮੰਨਦਾ ਹੈ ਜੋ ਉਸਦੀ ਅੰਦਰੂਨੀ ਅਵਸਥਾ ਨਾਲ ਮੇਲ ਖਾਂਦੀ ਹੋਵੇ। ਇਸ ਲਈ ਇੱਕ ਹੀ ਕਿਤਾਬ ਕਿਸੇ ਇੱਕ ਮਨੁੱਖ ਲਈ ਜੀਵਨ-ਬਦਲਣ ਵਾਲੀ ਹੋ ਸਕਦੀ ਹੈ, ਜਦਕਿ ਦੂਜੇ ਲਈ ਉਹ ਸਧਾਰਨ ਰਹਿ ਜਾਂਦੀ ਹੈ।ਇਸ ਕਰਕੇ "ਵਧੀਆ ਕਿਤਾਬ" ਇੱਕ ਅਸਥਿਰ ਧਾਰਨਾ ਨਹੀਂ, ਸਗੋਂ ਇੱਕ ਜੀਵੰਤ ਅਨੁਭਵ ਹੈ ਜੋ ਪਾਠਕ ਦੇ ਮਨ ਨਾਲ ਬਦਲਦਾ ਰਹਿੰਦਾ ਹੈ। ਦਰਸ਼ਨ ਦੇ ਪੱਧਰ 'ਤੇ ਵੇਖੀਏ ਤਾਂ ਪੜ੍ਹਨਾ ਇੱਕ ਅਜਿਹਾ ਸੰਵਾਦ ਹੈ ਜਿੱਥੇ ਪਾਠਕ ਅਤੇ ਲੇਖਕ ਦੋ ਵੱਖ-ਵੱਖ ਸਮਿਆਂ ਅਤੇ ਸਥਾਨਾਂ ਤੋਂ ਮਿਲਦੇ ਹਨ। ਜਦੋਂ ਲੇਖਕ ਦਾ ਅਨੁਭਵ ਅਤੇ ਪਾਠਕ ਦੀ ਜਿਗਿਆਸਾ ਮਿਲਦੇ ਹਨ, ਉਦੋਂ ਹੀ ਗਿਆਨ ਜਨਮ ਲੈਂਦਾ ਹੈ।ਵਿਗਿਆਨਕ ਕੋਣ ਤੋਂ "ਕੌਗਨਿਟਿਵ ਸਾਇੰਸ" ਦੱਸਦੀ ਹੈ ਕਿ ਪੜ੍ਹਨ ਦੀ ਪ੍ਰਕਿਰਿਆ ਸਾਡੇ ਦਿਮਾਗ ਦੇ ਕਈ ਹਿੱਸਿਆਂ ਨੂੰ ਇਕੱਠੇ ਸਰਗਰਮ ਕਰਦੀ ਹੈ। ਭਾਸ਼ਾ, ਯਾਦਸ਼ਕਤੀ, ਕਲਪਨਾ ਅਤੇ ਭਾਵਨਾਵਾਂ। ਇਸ ਲਈ ਜਿਹੜੀ ਕਿਤਾਬ ਸਾਨੂੰ ਅੰਦਰੋਂ ਛੂਹਦੀ ਹੈ, ਉਹ ਅਸਲ ਵਿੱਚ ਸਾਡੇ ਨਿਊਰਲ ਪੈਟਰਨ ਨਾਲ ਜੁੜਦੀ ਹੈ।ਜੇ ਅਸੀਂ ਇਸ ਸਵਾਲ ਨੂੰ ਹੋਰ ਵੱਡੇ ਭੂਗੋਲਿਕ ਅਤੇ ਸਮਾਜਿਕ ਪ੍ਰਸੰਗ ਵਿੱਚ ਵੇਖੀਏ, ਤਾਂ ਪਤਾ ਲੱਗਦਾ ਹੈ ਕਿ ਪੜ੍ਹਨ ਦੀ ਆਦਤ ਸਿਰਫ਼ ਵਿਅਕਤੀਗਤ ਨਹੀਂ, ਸਗੋਂ ਪੂਰੇ ਸਮਾਜ ਦੀ ਬਣਤਰ ਨਾਲ ਜੁੜੀ ਹੁੰਦੀ ਹੈ। ਭਾਰਤ ਵਿੱਚ ਲਗਭਗ 20%–30% ਲੋਕ ਹੀ ਨਿਯਮਿਤ ਪਾਠਕ ਹਨ ਅਤੇ ਪਾਕਿਸਤਾਨ ਵਿੱਚ ਇਹ ਦਰ ਹੋਰ ਘੱਟ ਕੇ ਲਗਭਗ 5%–10% ਰਹਿ ਜਾਂਦੀ ਹੈ, ਜਦਕਿ ਬੰਗਲਾਦੇਸ਼ ਵਿੱਚ ਇਹ 10%–15% ਦੇ ਆਸਪਾਸ ਹੈ। ਇਹ ਅੰਕੜੇ ਦਰਸਾਉਂਦੇ ਹਨ ਕਿ ਸਾਡੇ ਖੇਤਰ ਵਿੱਚ ਪੜ੍ਹਨ ਦੀ ਸੰਸਕ੍ਰਿਤੀ ਅਜੇ ਵੀ ਵਿਕਾਸ ਦੇ ਪੜਾਅ ਵਿੱਚ ਹੈ।ਇਸ ਸਥਿਤੀ ਦੇ ਪਿੱਛੇ ਸਾਡੀ ਸਿੱਖਿਆ ਪ੍ਰਣਾਲੀ ਅਤੇ ਡਿਜ਼ੀਟਲ ਮੀਡੀਆ ਦਾ ਪ੍ਰਭਾਵ ਮੁੱਖ ਕਾਰਨ ਹਨ। ਇਸ ਘਾਟ ਨੂੰ ਪੂਰਾ ਕਰਨ ਲਈ ਪਿੰਡਾਂ ਅਤੇ ਸ਼ਹਿਰਾਂ ਵਿੱਚ ਮੁੜ ਤੋਂ 'ਲਾਈਬ੍ਰੇਰੀ ਸੱਭਿਆਚਾਰ' ਨੂੰ ਸੁਰਜੀਤ ਕਰਨਾ ਅਤਿ ਜ਼ਰੂਰੀ ਹੈ। ਜਨਤਕ ਲਾਈਬ੍ਰੇਰੀਆਂ ਸਿਰਫ਼ ਇਮਾਰਤਾਂ ਨਹੀਂ ਹੁੰਦੀਆਂ, ਬਲਕਿ ਉਹ ਵਿਚਾਰਾਂ ਦੀਆਂ ਟਕਸਾਲਾਂ ਹੁੰਦੀਆਂ ਹਨ, ਜੋ ਸਥਾਨਕ ਪੱਧਰ 'ਤੇ ਪੜ੍ਹਨ ਦੀ ਲਹਿਰ ਪੈਦਾ ਕਰ ਸਕਦੀਆਂ ਹਨ।ਫਿਨਲੈਂਡ ਅਤੇ ਜਪਾਨ ਵਰਗੇ ਦੇਸ਼ਾਂ ਵਿੱਚ ਪੜ੍ਹਨ ਨੂੰ ਜੀਵਨ ਦੀ ਆਧਾਰਭੂਤ ਆਦਤ ਮੰਨਿਆ ਜਾਂਦਾ ਹੈ, ਜੋ ਉਨ੍ਹਾਂ ਦੀ ਸਿੱਖਿਆ ਅਤੇ ਨਵੀਨਤਾ ਦੀ ਉੱਚ ਦਰ ਨੂੰ ਵੀ ਦਰਸਾਉਂਦੀ ਹੈ। ਇਹ ਜਾਣਕਾਰੀ ਸਾਨੂੰ 'ਕਿਹੜੀ ਕਿਤਾਬ ਵਧੀਆ ਹੈ' ਦੇ ਸਵਾਲ ਤੋਂ ਬਾਹਰ ਕੱਢ ਕੇ 'ਅਸੀਂ ਪੜ੍ਹਨ ਵਾਲਾ ਸਮਾਜ ਕਿਵੇਂ ਬਣੀਏ' ਦੀ ਡੂੰਘੀ ਚਿੰਤਨ ਵੱਲ ਲੈ ਕੇ ਜਾਂਦੀ ਹੈ।ਜਦੋਂ ਪੜ੍ਹਨ ਦੀ ਆਦਤ ਬਣਦੀ ਹੈ, ਤਾਂ ਚੰਗੀਆਂ ਕਿਤਾਬਾਂ ਦੀ ਪਹਿਚਾਣ ਆਪਣੇ ਆਪ ਹੋ ਜਾਂਦੀ ਹੈ। ਇਕ ਕਿਤਾਬ ਦੂਜੀ ਕਿਤਾਬ ਵੱਲ ਲੈ ਜਾਂਦੀ ਹੈ। ਇਦਾਂ ਸਫ਼ਰ ਸ਼ੁਰੂ ਹੋ ਜਾਂਦਾ ਹੈ ਅਤੇ ਇਹੀ ਲੜੀ ਮਨੁੱਖ ਨੂੰ ਇੱਕ ਆਮ ਪਾਠਕ ਤੋਂ ਸੋਚਵਾਨ ਵਿਅਕਤੀ, ਵਿਚਾਰਕ, ਚਿੰਤਕ, ਦਾਰਸ਼ਨਿਕ ਵਿੱਚ ਬਦਲ ਦਿੰਦੀ ਹੈ। "ਕਿਤਾਬਾਂ ਸਾਡੇ ਲਈ ਸਿਰਫ਼ ਜਵਾਬ ਨਹੀਂ ਲਿਆਉਂਦੀਆਂ, ਸਗੋਂ ਉਹ ਸਾਡੇ ਅੰਦਰ ਉਹ ਸਵਾਲ ਜਗਾਉਂਦੀਆਂ ਹਨ ਜੋ ਸਾਨੂੰ ਆਪਣੇ ਆਪ ਨੂੰ ਸਮਝਣ ਦੇ ਰਾਹ 'ਤੇ ਲੈ ਜਾਂਦੇ ਹਨ ਅਤੇ ਸ਼ਾਇਦ ਇਹੀ ਪੜ੍ਹਨ ਦਾ ਅਸਲ ਮਕਸਦ ਹੈ।"

**ਲੇਖਕ: ਗੁਰਪ੍ਰੀਤ ਸਿੰਘ ਬਿਲਿੰਗ**

# ਯੁੱਧਾਂ ਦਾ ਇਤਿਹਾਸ ਮਨੁੱਖਤਾ ਦੀ ਮੌਤ ਤੇ ਰਾਖ ਵਿਚ ਹੈ , ਮਨੁੱਖੀ ਜੀਵਨ ਅਨੰਦ ਤੇ ਸ਼ਾਂਤੀ ਵਿਚ



ਵਿਸ਼ਵ ਨੇ ਤਰੱਕੀ ਤਾਂ ਕਰ ਲਈ ਹੈ, ਪਰ ਉਸਦਾ ਇਤਿਹਾਸਕ ਸੱਚ ਇਹ ਹੈ ਕਿ ਉਸਦਾ ਅਤੀਤ ਅਤੇ ਵਰਤਮਾਨ ਅਜੇ ਵੀ ਜੰਗਾਂ ਅਤੇ ਬਰਬਾਦੀ ਦੀ ਰਾਖ ਵਿੱਚ ਹੀ ਲਿਪਟਿਆ ਹੋਇਆ ਹੈ। ਉਹ ਇਸ ਵਿਨਾਸ਼ਕਾਰੀ ਚੱਕਰ ਵਿੱਚੋਂ ਬਾਹਰ ਨਹੀਂ ਨਿਕਲ ਸਕਿਆ।ਚਾਹੇ ਉਸਨੇ ਯੂਐਓ ਦੀ ਸਥਾਪਨਾ ਕਰ ਲਈਹੈ।ਪਰ ਵਖ ਵਖ ਦੇਸ਼ਾਂ ਵਿਚ ਟਕਰਾਅ ਜਾਰੀ ਹਨ।ਮਾਇਆ,ਫੌਜ, ਹਥਿਆਰਾਂ ਕਾਰਣ ਹੀ ਕਿਸੇ ਦੇਸ਼ ਨੂੰ ਮਜ਼ਬੂਤ ਸਮਝਿਆ ਜਾਂਦਾ ਹੈ। ਲੋਕਾਂ ਦੀ ਮਜ਼ਬੂਤੀ ਭਾਈਚਾਰੇ , ਖੁਸ਼ੀਆਂ,ਗਿਆਨ,ਹੈਲਥ ਸਿਸਟਮ ਕੋਈ ਅਰਥ ਨਹੀਂ ਰਖਦੇ।ਇਸੇ ਕਾਰਣ ਸੰਸਾਰ ਵਿਚ ਅਸ਼ਾਂਤੀ ਦਾ ਮਾਹੌਲ ਹੈ।ਯਾਦ ਰਖਣ ਦੀ ਲੋੜ ਹੈ ਕਿ ਇਤਿਹਾਸ ਮਹਿਲਾਂ ਵਿੱਚ ਨਹੀਂ, ਸਗੋਂ ਜੰਗਾਂ ਤੋਂ ਬਾਅਦ ਬਚੀ ਹੋਈ ਰਾਖ ਵਿੱਚ ਰੁਲ਼ਦਾ ਮਿਲਦਾ ਹੈ।ਜੇਕਰ ਅਸੀਂ ਇਤਿਹਾਸ ਵਿੱਚੋਂ 'ਰੋਮਾਂਚ' ,ਹੀਰੋਇਜ਼ਮ ਕੱਢ ਦੇਈਏ, ਤਾਂ ਪਿੱਛੇ ਸਿਰਫ਼ ਮਲਬਾ ਅਤੇ ਰਾਖ ਬਚਦੀ ਹੈ। ਅਸੀਂ ਇਤਿਹਾਸ ਨੂੰ ਜਿੰਨਾ ਮਰਜ਼ੀ ਸਜਾ ਕੇ ਪੇਸ਼ ਕਰੀਏ, ਸੱਚਾਈ ਇਹ ਹੈ ਕਿ ਇਹ ਖ਼ੂਨ-ਖ਼ਰਾਬੇ ਅਤੇ ਬਰਬਾਦੀ ਦੇ ਢੇਰ ਉੱਤੇ ਲਿਖਿਆ ਹੁੰਦਾ ਹੈ।ਇਤਿਹਾਸ ਦੀਆਂ ਵੱਡੀਆਂ ਤੋਂ ਵੱਡੀਆਂ ਘਟਨਾਵਾਂ, ਸਮਰਾਜ ਅਤੇ ਜੰਗਾਂ ਅੰਤ ਵਿੱਚ ਰਾਖ ਵਿੱਚ ਹੀ ਮਿਲ ਜਾਂਦੀਆਂ ਹਨ। ਜਿੰਨਾ ਮਰਜ਼ੀ ਕੋਈ ਸ਼ਕਤੀਸ਼ਾਲੀ ਹੋਵੇ, ਸਮਾਂ ਉਸਨੂੰ ਮਿੱਟੀ ਜਾਂ ਰਾਖ ਬਣਾ ਕੇ ਰੱਖ ਦਿੰਦਾ ਹੈ।ਪੁਰਾਣੇ ਸਮੇਂ ਵਿੱਚ ਇੱਕ ਦੇਸ਼ ਦੂਜੇ 'ਤੇ ਕਬਜ਼ਾ ਕਰਕੇ ਉਸਨੂੰ ਆਪਣੀ ਬਸਤੀ ਬਣਾ ਲੈਂਦਾ ਸੀ। ਅੱਜ ਕੱਲ੍ਹ ਸਿੱਧਾ ਕਬਜ਼ਾ ਕਰਨ ਦੀ ਬਜਾਏ, ਸ਼ਕਤੀਸ਼ਾਲੀ ਦੇਸ਼ ਉੱਥੋਂ ਦੀ ਸਰਕਾਰ ਨੂੰ ਆਪਣੇ ਹਿਸਾਬ ਨਾਲ ਚਲਾਉਂਦੇ ਹਨ। ਸ਼ਕਤੀਸ਼ਾਲੀ ਦੇਸ਼ ਕਰਜ਼ਾ, ਹਥਿਆਰ, ਡਿਪਲੋਮੈਟਿਕ ਸਪੋਰਟ ਅਤੇ ਯੁੱਧ ਦੇ ਸਮੇਂ ਸੁਰੱਖਿਆ ਦਿੰਦਾ ਹੈ।ਇਸ ਬਦਲੇ ਕਲਾਇੰਟ ਸਟੇਟ ਆਪਣੀ ਜ਼ਮੀਨ 'ਤੇ ਫੌਜੀ ਅੱਡੇ ਬਣਾਉਣ ਦੀ ਇਜਾਜ਼ਤ, ਕੁਦਰਤੀ ਸਰੋਤ (ਤੇਲ, ਖਣਿਜ) ਅਤੇ ਅੰਤਰਰਾਸ਼ਟਰੀ ਮੰਚਾਂ (ਜਿਵੇਂ UN) ਵਿੱਚ ਸ਼ਕਤੀਸ਼ਾਲੀ ਦੇਸ਼ ਦੇ ਹੱਕ ਵਿੱਚ ਵੋਟ ਦਿੰਦਾ ਹੈ।ਬਹੁਤ ਸਾਰੇ ਦੇਸ਼ ਜਾਂ ਤਾਂ ਅਮਰੀਕਾ ਦੇ ਕਲਾਇੰਟ ਸਟੇਟ ਸਨ ਜਾਂ ਸੋਵੀਅਤ ਯੂਨੀਅਨ ਦੇ।ਕਲਾਇੰਟ ਸਟੇਟ ਇੱਕ ਤਰ੍ਹਾਂ ਨਾਲ "ਕਠਪੁਤਲੀ ਰਾਜ" ਵਰਗਾ ਹੁੰਦਾ ਹੈ, ਜਿਸਦੀ ਡੋਰ ਕਿਸੇ ਬਾਹਰੀ ਸ਼ਕਤੀ ਦੇ ਹੱਥ ਵਿੱਚ ਹੁੰਦੀ ਹੈ। ਇਹ ਦੇਸ਼ ਦਿਖਣ ਵਿੱਚ ਆਜ਼ਾਦ ਹੁੰਦੇ ਹਨ, ਪਰ ਅਸਲ ਵਿੱਚ ਉਹਨਾਂ ਦੀ ਪ੍ਰਭੂਸੱਤਾ ਬਹੁਤ ਕਮਜ਼ੋਰ ਹੁੰਦੀ ਹੈ।ਗ਼ਾਜ਼ਾ ਦੇ ਮਲਬੇ, ਯੂਕਰੇਨ ਦੀਆਂ ਖੰਡਹਰ, ਸੂਡਾਨ ਦੀ ਭੁੱਖ ਅਤੇ ਈਰਾਨ ਵਿਚ ਹਥਿਆਰਾਂ ਦੇ ਧਮਾਕਿਆਂ ਵਿਚ ਬਲਦਾਂ ਬਚਪਨ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਮਨੁੱਖਤਾ ਨੇ ਤਕਨੀਕ ਤਾਂ ਬਿਹਤਰ ਕਰ ਲਈ ਹੈ, ਪਰ ਆਪਣੀ ਹਵਸੀ ਫ਼ਿਤਰਤ ਨਹੀਂ ਬਦਲੀ।ਅਜੋਕੇ ਦੌਰ ਦੀ ਸਭ ਤੋਂ ਵੱਡੀ ਤ੍ਰਾਸਦੀ ਇਹ ਹੈ ਕਿ ਅਸੀਂ ਦੁਖਾਂਤ ਨੂੰ ਸਿਰਫ਼ ਇੱਕ 'ਹੈਸ਼ਟੈਗ' ਜਾਂ 'ਸਕਰੋਲ' ਕਰਨ ਵਾਲੀ ਖ਼ਬਰ ਤੱਕ ਸੀਮਤ ਕਰ ਦਿੱਤਾ ਹੈ।"ਅਸੀਂ ਸ਼ਾਂਤੀ ਨੂੰ ਇਸ ਲਈ ਨਹੀਂ ਗੁਆ ਰਹੇ ਕਿ ਅਸੀਂ ਉਸਨੂੰ ਸੰਭਾਲ ਨਹੀਂ ਸਕਦੇ, ਸਗੋਂ ਇਸ ਲਈ ਕਿਉਂਕਿ ਹੁਣ ਸ਼ਾਂਤੀ ਸਾਡਾ ਮੁਦਾ ਨਹੀਂ ਰਹੀ।"ਅਸੀਂ ਜੰਗਾਂ , ਕਤਲੇਆਮ ,ਹਿੰਸਾ ਵਿਚ ਅਨੰਦ ਭਾਲਦੇ ਹਾਂ।ਵਿਸ਼ਵ ਦੀਆਂ ਵੱਡੀਆਂ ਤਾਕਤਾਂ ਲਈ ਯੁੱਧ ਹੁਣ ਇੱਕ ਆਰਥਿਕ ਮਾਡਲ ਬਣ ਚੁੱਕਾ ਹੈ। ਜਦੋਂ ਤੱਕ ਹਥਿਆਰ ਵਿਕਦੇ ਰਹਿਣਗੇ, ਵੱਡੀਆਂ ਤਾਕਤਾਂ ਦੇ ਖਜ਼ਾਨੇ ਭਰਪੂਰ ਰਹਿਣਗੇ।ਸ਼ਾਂਤੀ ਦੀਆਂ ਗੱਲਾਂ ਸਿਰਫ਼ ਕਾਗਜ਼ੀ ਦਸਤਾਵੇਜ਼ਾਂ ਤੱਕ ਹੀ ਮਹਿਫ਼ੂਜ਼ ਰਹਿਣਗੀਆਂ। ਕਿਸੇ ਵੀ ਸਭਿਅਤਾ ਨੂੰ ਨਸ਼ਟ ਕਰਨ ਦਾ ਸਭ ਤੋਂ ਕਾਰਗਰ ਤਰੀਕਾ ਉਸਦੇ ਇਤਿਹਾਸ ਦੀ ਸਮਝ ਨੂੰ ਮਿਟਾ ਦੇਣਾ ਹੈ।ਰੋਮ ਅਤੇ ਯੂਰਪ ਦੀਆਂ ਉਦਾਹਰਣਾਂ ਸਾਡੇ ਸਾਹਮਣੇ ਹਨ, ਜਿਨ੍ਹਾਂ ਨੂੰ ਆਪਣੇ ਪਤਨ ਦਾ ਅਹਿਸਾਸ ਉਦੋਂ ਹੋਇਆ ਜਦੋਂ ਉਹ ਪੂਰੀ ਤਰ੍ਹਾਂ ਬਰਬਾਦ ਹੋ ਚੁੱਕੇ ਸਨ।ਅੱਜ ਅਸੀਂ ਇਸ ਭਰਮ ਵਿੱਚ ਜੀ ਰਹੇ ਹਾਂ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਸਾਨੂੰ ਬਚਾ ਲਵੇਗੀ, ਪਰ ਸੱਚਾਈ ਇਹ ਹੈ ਕਿ ਇਹ ਵੀ ਸਾਡੀ ਕਰੂਰਤਾ ਨੂੰ ਹੋਰ ਤੇਜ਼ ਕਰਨ ਦਾ ਜ਼ਰੀਆ ਬਣ ਸਕਦੀ ਹੈ।ਹੁਣ ਅਜਿਹੇ ਡਰੋਨ ਅਤੇ ਹਥਿਆਰ ਬਣਾਏ ਜਾ ਰਹੇ ਹਨ ਜੋ ਬਿਨਾਂ ਕਿਸੇ ਇਨਸਾਨੀ ਦਖਲ ਦੇ ਖ਼ੁਦ ਫੈਸਲਾ ਕਰ ਸਕਦੇ ਹਨ ਕਿ ਕਿਸ ਨੂੰ ਮਾਰਨਾ ਹੈ। ਇੱਥੇ 'ਕਰੂਰਤਾ' ਮਸ਼ੀਨੀ ਹੋ ਜਾਂਦੀ ਹੈ, ਜਿਸ ਵਿੱਚ ਕੋਈ ਪਛਤਾਵਾ ਜਾਂ ਰਹਿਮ ਨਹੀਂ ਹੁੰਦਾ।ਏਆਈ ਸਾਡੀ ਸੋਚ ਨੂੰ "ਰਫਤਾਰ" ਦਿੰਦੀ ਹੈ—ਜੇਕਰ ਸੋਚ ਨਫ਼ਰਤ ਵਾਲੀ ਹੈ, ਤਾਂ ਏਆਈ ਉਸ ਨਫ਼ਰਤ ਨੂੰ ਬਹੁਤ ਜ਼ਿਆਦਾ ਖ਼ਤਰਨਾਕ ਅਤੇ ਤੇਜ਼ ਬਣਾ ਦੇਵੇਗੀ।ਇਤਿਹਾਸ ਗਵਾਹ ਹੈ ਕਿ ਹਰ ਸਦੀ ਸ਼ਾਂਤੀ ਦੇ ਨਾਅਰਿਆਂ ਨਾਲ ਸ਼ੁਰੂ ਹੁੰਦੀ ਹੈ ਪਰ ਉਸ ਦਾ ਅੰਤ ਖ਼ੂਨ ਦੀਆਂ ਨਦੀਆਂ ਨਾਲ ਹੁੰਦਾ ਹੈ। ਅੱਜ ਤਲਵਾਰਾਂ ਦੀ ਥਾਂ ਡਰੋਨਾਂ ਨੇ ਲੈ ਲਈ ਹੈ ਅਤੇ ਸਾਮਰਾਜਵਾਦ ਨੇ “ਕਲਾਇੰਟ ਸਟੇਟ” ਦਾ ਨਵਾਂ ਚੋਲਾ ਪਹਿਨ ਲਿਆ ਹੈ।ਕਲਾਇੰਟ ਸਟੇਟ ਆਪਣੇ ਆਪ ਵਿੱਚ ਆਜ਼ਾਦ ਤਾਂ ਹੁੰਦਾ ਹੈ (ਉਸਦਾ ਆਪਣਾ ਨਕਸ਼ਾ ਅਤੇ ਝੰਡਾ ਹੁੰਦਾ ਹੈ), ਪਰ ਉਸਦੇ ਵੱਡੇ ਫੈਸਲੇ ਉਸਦਾ "ਆਕਾ" ਜਾਂ ਸ਼ਕਤੀਸ਼ਾਲੀ ਦੇਸ਼ ਲੈਂਦਾ ਹੈ। ਜਿਵੇਂ ਅਮਰੀਕਾ ਈਰਾਨ ਵਿਰੋਧੀ ਖਾੜੀ ਦੇਸ਼ਾਂ ਬਾਰੇ ਲੈਂਦਾ ਹੈ।ਇਹ ਨਿਰਭਰਤਾ ਹਥਿਆਰਾਂ, ਕਰਜ਼ੇ ਜਾਂ ਸੁਰੱਖਿਆ ਲਈ ਹੋ ਸਕਦੀ ਹੈ।ਗ਼ਾਜ਼ਾ ਦੇ ਮਲਬੇ, ਯੂਕਰੇਨ ਦੀਆਂ ਖਾਈਆਂ, ਸੂਡਾਨ ਦੀ ਭੁੱਖ ਅਤੇ ਮਿਆਂਮਾਰ ਦੇ ਸੜਦੇ ਜੰਗਲ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਮਨੁੱਖਤਾ ਨੇ ਤਕਨੀਕ ਤਾਂ ਬਿਹਤਰ ਕਰ ਲਈ ਹੈ, ਪਰ ਆਪਣੀ ਫ਼ਿਤਰਤ ਨਹੀਂ ਬਦਲੀ।

ਫਿਤਰਤ ਹਿੰਸਕ, ਨਸਲਵਾਦੀ, ਉਜਡ, ਕਿਰਸੀ, ਮਨੁੱਖਤਾ ਮਾਰੂ ਹੈ।ਅੱਜ ਸੁਆਲ ਇਹ ਨਹੀਂ ਹੈ ਕਿ ਅਗਲਾ ਯੁੱਧ ਕੌਣ ਜਿੱਤੇਗਾ, ਸਗੋਂ ਸੁਆਲ ਇਹ ਹੈ ਕਿ ਕੀ ਜਿੱਤਣ ਲਈ ਕੁਝ ਅਜਿਹਾ ਬਚੇਗਾ ਜਿਸਦੀ ਕੋਈ ਸਾਰਥਕਤਾ ਹੋਵੇ? ਅਸੀਂ ਇੱਕ ਅਜਿਹੇ ਮੋੜ 'ਤੇ ਖੜ੍ਹੇ ਹਾਂ ਜਿੱਥੇ 'ਭੁੱਲਣਾ' ਹੀ ਜਿਊਣ ਦਾ ਇੱਕੋ-ਇੱਕ ਤਰੀਕਾ ਬਣ ਗਿਆ ਹੈ। ਜੇਕਰ ਅਸੀਂ ਇਤਿਹਾਸ ਦੀ ਰਾਖ ਵਿੱਚੋਂ ਸਬਕ ਨਾ ਸਿੱਖਿਆ, ਤਾਂ ਸ਼ਾਇਦ ਅਗਲਾ ਅਧਿਆਏ ਲਿਖਣ ਵਾਲਾ ਕੋਈ ਬਚੇਗਾ ਹੀ ਨਹੀਂ।

ਨਾਨਕ ਸਾਂਤਿ ਹੋਵੈ ਮਨ ਅੰਤਰਿ ਨਿਤ ਹਿਰਦੈ ਹਰਿ ਗੁਣ ਗਾਵੈ॥੪॥੧॥੩॥”

– ਗੁਰੂ ਸਾਹਿਬ ਹੁਕਮ ਕਰਦੇ ਹਨ ਕਿ ਜਦੋਂ ਤੱਕ ਮਨ ਅੰਦਰ ਹਉਮੈ (Ego), ਲੋਭ ਅਤੇ ਮੋਹ ਵਰਗੇ ਵਿਕਾਰ ਹਨ, ਉਦੋਂ ਤੱਕ ਬਾਹਰ ਸ਼ਾਂਤੀ ਸੰਭਵ ਨਹੀਂ।ਅਜੋਕੇ ਯੁੱਧ 'ਸ਼ਕਤਸਾਲੀ ਹੋਣ ਦੀ ਹਉਮੈ ਵਿੱਚੋਂ ਨਿਕਲ ਰਹੇ ਹਨ। ਜੇਕਰ ਮਨ ਅੰਦਰ 'ਹਰਿ ਗੁਣ' (ਦੈਵੀ ਗੁਣ ਜਿਵੇਂ ਦਇਆ, ਸੰਤੋਖ) ਹੋਣ, ਤਾਂ ਵਿਨਾਸ਼ਕਾਰੀ ਫੁਰਨੇ ਆਪਣੇ-ਆਪ ਸ਼ਾਂਤ ਹੋ ਜਾਂਦੇ ਹਨ।ਜਦੋਂ ਤੱਕ ਮਨ ਦੇ ਅੰਦਰੋਂ ਦੂਜੇ ਨੂੰ ਮਾਰਨ ਜਾਂ ਲੁੱਟਣ ਦਾ ਫੁਰਨਾ ਸ਼ਾਂਤ ਨਹੀਂ ਹੁੰਦਾ, ਉਦੋਂ ਤੱਕ ਬਾਹਰਲੀ ਸ਼ਾਂਤੀ ਅਸਥਾਈ ਹੈ। ਗੁਰਬਾਣੀ ਅਨੁਸਾਰ ਸ਼ਾਂਤੀ ਇੱਕ ਅੰਦਰੂਨੀ ਅਵਸਥਾ ਹੈ, ਜੋ ਨਿਰੰਤਰ ਪ੍ਰਭੂ ਦੀ ਰਜ਼ਾ ਵਿੱਚ ਰਹਿਣ ਨਾਲ ਆਉਂਦੀ ਹੈ।

**ਬਲਵਿੰਦਰਪਾਲ ਸਿੰਘ ਪ੍ਰੋਫੈਸਰ**

# ਜਦੋਂ ਗ਼ਦਰੀ ਬਾਬਾ ਬਲਵੰਤ ਸਿੰਘ ਖੁਰਦਪੁਰ ਨੂੰ ਫਾਂਸੀ ਦਿੱਤੀ ਗਈ

ਦੂਜੇ ਲਾਹੌਰ ਸਾਜਿਸ਼ ਕੇਸ ਵਿੱਚ ਲਾਹੌਰ ਜੇਲ੍ਹ ਵਿੱਚ ਫਾਂਸੀ ਦਾ ਰੱਸਾ ਚੁੰਮਣ ਵਾਲਾ ਮਹਾਨ ਸ਼ਹੀਦ ਭਾਈ ਬਲਵੰਤ ਸਿੰਘ ਕੈਨੇਡੀਅਨ (ਖੁਰਦਪੁਰ) ਅਜਿਹਾ ਸੂਰਬੀਰ ਯੋਧਾ ਸੀ, ਜਿਸ ਨੇ ਭਰ ਜਵਾਨੀ ਵਿੱਚ ਸ਼ਹਾਦਤ ਦਾ ਜਾਮ ਪੀਤਾ । ਭਾਈ ਬਲਵੰਤ ਸਿੰਘ ਦਾ ਜਨਮ ਜਲੰਧਰ ਜ਼ਿਲ੍ਹੇ ਦੇ ਉੱਘੇ ਪਿੰਡ ਖੁਰਦਪੁਰ (ਜਲੰਧਰ-ਹੁਸ਼ਿਆਰਪੁਰ ਰੋਡ ‘ਤੇ ਸਥਿਤ) ਵਿਖੇ ਸ। ਬੁੱਧ ਸਿੰਘ ਦੇ ਗ੍ਰਹਿ ਵਿਖੇ 14 ਸਤੰਬਰ, 1882 ਨੂੰ ਹੋਇਆ । ਖੁਰਦਪੁਰ ਦੇ ਨਜ਼ਦੀਕੀ ਕਸਬੇ ਆਦਮਪੁਰ ਦੇ ਮਿਡਲ ਸਕੂਲ ਵਿੱਚ ਮੁੱਢਲੀ ਸਿੱਖਿਆ ਪ੍ਰਾਪਤੀ ਲਈ ਦਾਖਲਾ ਲਿਆ । ਪਰ ਉਸ ਸਮੇਂ ਸਮਾਜ ਵਿੱਚ ਬਾਲ-ਵਿਆਹ ਦੀ ਰਸਮ ਪ੍ਰਚੱਲਤ ਸੀ, ਪਰਿਵਾਰ ਵੱਲੋਂ ਇਨ੍ਹਾਂ ਦੀ ਸ਼ਾਦੀ ਬਚਪਨ ਵਿੱਚ ਹੀ ਕਰ ਦਿੱਤੀ ਗਈ । ਵਿਆਹ ਉਪਰੰਤ ਪੜ੍ਹਾਈ ਵਿੱਚ-ਵਿਚਾਲੇ ਹੀ ਛੱਡ ਦਿੱਤੀ ਗਈ । ਭਰ ਜਵਾਨੀ ਵਿੱਚ ਪੈਰ ਧਰਦਿਆਂ ਉਸ ਸਮੇਂ ਦੀ ਅੰਗ੍ਰੇਜ਼ ਹਕੂਮਤ ਦੀ ਭਾਰਤੀ ਫੌਜ ਵਿੱਚ ਭਰਤੀ ਹੋ ਗਏ । ਜਦੋਂ ਭਾਈ ਬਲਵੰਤ ਸਿੰਘ ਦੀ ਪਲਟਨ ਮਰਦਾਨ (ਪਾਕਿਸਤਾਨ) ਵਿੱਚ ਸੀ ਤਾਂ ਇਨ੍ਹਾਂ ਦੀ ਸ਼ਖ਼ਸੀਅਤ ਉੱਤੇ ਪੰਜਾਬ ਦੀ ਪ੍ਰਸਿੱਧ ਧਾਰਮਿਕ ਹਸਤੀ ਬਾਬਾ ਕਰਮ ਸਿੰਘ ਹੋਤੀ ਮਰਦਾਨ ਦੀ ਸੰਗਤ ਦਾ ਅਜਿਹਾ ਅਸਰ ਹੋਇਆ ਕਿ ਆਪ ਜੀ ਦਾ ਨਿਸ਼ਚਾ ਤੇ ਵਿਸ਼ਵਾਸ ਸਿੱਖ ਧਰਮ ਵਿੱਚ ਦ੍ਰਿੜ੍ਹ ਹੋ ਗਿਆ । ਅੰਗ੍ਰੇਜ਼ ਹਕੂਮਤ ਦੀ ਗੁਲਾਮੀ ਦਾ ਅਹਿਸਾਸ ਵੀ ਹੋ ਗਿਆ । 23 ਸਾਲ ਦੀ ਉਮਰ ਵਿੱਚ ਫੌਜ ਦੀ ਨੌਕਰੀ ਛੱਡ ਕੇ ਛੇਤੀ ਹੀ 1906 ਵਿੱਚ ਕੈਨੇਡਾ ਚਲੇ ਗਏ । ਉਥੇ ਜਾ ਕੇ ਵੈਨਕੂਵਰ ਵਿੱਚ ਪਹਿਲਾ ਗੁਰਦੁਆਰਾ ਸਾਹਿਬ ਬਨਾਉਣ ਵਿੱਚ ਭਰਪੂਰ ਯੋਗਦਾਨ ਪਾਇਆ । ਕੈਨੇਡਾ ਦੇ ਇਸ ਸ਼ਹਿਰ ਦੀ ਸਿੱਖ ਸੰਗਤ ਨੇ ਇਨ੍ਹਾਂ ਨੂੰ ਸਿੱਖ ਸਿਧਾਂਤਾਂ ਵਿੱਚ ਪ੍ਰਪੱਕ ਵੇਖਦਿਆਂ ਗੁਰੂ ਘਰ ਦਾ ਗ੍ਰੰਥੀ ਨਿਯੁੱਕਤ ਕਰ ਦਿੱਤਾ । ਇਸੇ ਕਰਕੇ ਭਾਈ ਸ਼ਬਦ ਆਪ ਜੀ ਦੇ ਨਾਂਅ ਨਾਲ ਪੱਕੇ ਤੌਰ ‘ਤੇ ਜੁੜ ਗਿਆ ।

ਕੈਨੇਡਾ ਸਰਕਾਰ ਨੇ 1908 ਈ: ਵਿੱਚ ਫੈਸਲਾ ਕੀਤਾ ਕਿ ਬ੍ਰਿਟਿਸ਼ ਕੋਲੰਬੀਆ (ਬੀ।ਸੀ।) ਵਿੱਚ ਰਹਿਣ ਵਾਲੇ ਹਿੰਦੁਸਤਾਨੀਆਂ ਨੂੰ ਅਮਰੀਕਾ ਦੀ ਹੌਂਡਰਸ ਕਾਲੋਨੀ ਵਿੱਚ ਅਬਾਦ ਕੀਤਾ ਜਾਵੇ । ਪਰ ਭਾਈ ਬਲਵੰਤ ਸਿੰਘ ਨੇ ਆਪਣੇ ਸਾਥੀਆਂ ਸਮੇਤ ਇਸ ਸਰਕਾਰੀ ਨੀਤੀ ਦੀ ਵਿਰੋਧਤਾ ਕੀਤੀ । 1909 ਈ: ਵਿੱਚ ਹਿੰਦੁਸਤਾਨ ਐਸੋਸੀਏਸ਼ਨ ਦੀ ਸਥਾਪਨਾ ਕੀਤੀ ਗਈ । ਇਸ ਐਸੋਸੀਏਸ਼ਨ ਦੇ ਸਾਰੇ ਪ੍ਰਵਾਸੀ ਭਾਰਤੀਆਂ ਨੇ ਕੈਨੇਡਾ ਨਾ ਆਉਣ ਦੀਆਂ ਬੰਦਿਸ਼ਾਂ ਵਿਰੁੱਧ ਅਵਾਜ਼ ਉਠਾਈ । ਭਾਈ ਬਲਵੰਤ ਸਿੰਘ ਕੈਨੇਡੀਅਨ ਅਤੇ ਉਨ੍ਹਾਂ ਦੇ ਸਾਥੀ ਸਾਰੇ ਪ੍ਰਵਾਸੀ ਭਾਰਤੀਆਂ ਨੂੰ ਗੁਲਾਮੀ ਦਾ ਅਹਿਸਾਸ ਕਰਵਾਉਣਾ ਅੰਗ੍ਰੇਜ਼ ਹਕੂਮਤ ਦਾ ਸਿਆਸੀ ਪੈਂਤੜਾ ਹੀ ਸੀ । 1911 ਈ: ਵਿੱਚ ਬਾਬਾ ਬਲਵੰਤ ਸਿੰਘ ਆਪਣੇ ਸਾਥੀ ਭਾਈ ਭਾਗ ਸਿੰਘ ਭਿੱਖੀਵਿੰਡ ਨਾਲ ਵਾਪਸ ਹਿੰਦੁਸਤਾਨ ਅਨੇਕਾਂ ਔਕੜਾਂ ਤੇ ਮੁਸੀਬਤਾਂ ਦਾ ਸਾਹਮਣਾ ਕਰ ਕੇ ਪੁੱਜੇ । ਪਰ ਇਨ੍ਹਾਂ ਮੁਸੀਬਤਾਂ ਤੇ ਕਠਿਨਾਈਆਂ ਦੇ ਬਾਵਜੂਦ 1912 ਈ: ਵਿੱਚ ਆਪਣੇ ਪਰਿਵਾਰ ਸਮੇਤ ਜਨਵਰੀ 1912 ਵਿੱਚ ਵੈਨਕੂਵਰ ਪਹੁੰਚਣ ਵਿੱਚ ਸਫ਼ਲ ਹੋ ਗਏ । 22 ਫ਼ਰਵਰੀ, 1913 ਈ: ਖ਼ਾਲਸਾ ਦੀਵਾਨ ਸੁਸਾਇਟੀ ਅਤੇ ਯੂਨਾਈਟਡ ਇੰਡੀਆ ਲੀਗ ਦੀ ਸਾਂਝੀ ਇਕੱਤਰਤਾ ਵਿੱਚ ਇਹ ਫੈਸਲਾ ਸਰਬ ਸੰਮਤੀ ਨਾਲ ਕੀਤਾ ਗਿਆ ਕਿ ਇੰਗਲੈਂਡ ਅਤੇ ਹਿੰਦੁਸਤਾਨ ਦੋਵਾਂ ਦੇਸ਼ਾਂ ਵਿੱਚ ਜਾ ਕੇ ਬ੍ਰਿਟਿਸ਼ ਸਰਕਾਰ ਨੂੰ ਆਪਣੀਆਂ ਮੁਸ਼ਕਲਾਂ ਨੂੰ ਦੂਰ ਕਰਨ ਲਈ ਮੰਗ ਪੱਤਰ ਦਿੱਤਾ ਜਾਵੇ । ਇਸ ਕਾਰਜ ਲਈ ਭਾਈ ਬਲਵੰਤ ਸਿੰਘ, ਭਾਈ ਨੰਦ ਸਿੰਘ ਤੇ ਭਾਈ ਨਰਾਇਣ ਸਿੰਘ ‘ਤੇ ਆਧਾਰਿਤ ਇਕ ਪ੍ਰਤੀਨਿੰਧ ਮੰਡਲ ਦੋਵਾਂ ਦੇਸ਼ਾਂ ਵਿੱਚ ਭੇਜਣ ਲਈ ਸਮਾਂ ਨਿਸ਼ਚਿਤ ਕੀਤਾ ਗਿਆ । ਪਰ ਦੋਵਾਂ ਦੇਸ਼ਾਂ ਵਿੱਚ ਅੰਗ੍ਰੇਜ਼ ਸਰਕਾਰ ਨੇ ਕੋਈ ਸਹਿਯੋਗ ਨਾ ਦਿੱਤਾ । ਕੈਨੇਡਾ ਪਰਤਣ ਸਮੇਂ ਭਾਈ ਬਲਵੰਤ ਸਿੰਘ ਦਾ ਮਿਲਾਪ ਮੁਸੀਬਤਾਂ ਦਾ ਟਾਕਰਾ ਕਰ ਰਹੇ ਕਾਮਾਗਾਟਾਮਾਰੂ ਜਹਾਜ਼ ਵਾਲੇ ਬਾਬਾ ਗੁਰਦਿੱਤ ਸਿੰਘ ਸਰਹਾਲੀ ਨਾਲ ਹੋਇਆ । ਭਾਈ ਬਲਵੰਤ ਸਿੰਘ ਨੇ ਕੈਨੇਡਾ ਦੇ ਪ੍ਰਵਾਸੀ ਭਾਰਤੀਆਂ ਖਾਸ ਕਰਕੇ ਸਿੱਖਾਂ ਵੱਲੋਂ ਬਾਬਾ ਗੁਰਦਿੱਤ ਸਿੰਘ ਨੂੰ ਹਰ ਸਮੇਂ ਹਰ ਹਾਲਾਤ ਵਿੱਚ ਸਹਿਯੋਗ ਦੇਣ ਦਾ ਵਾਅਦਾ ਕੀਤਾ । ਕਾਮਾਗਾਟਾਮਾਰੂ ਜਹਾਜ਼ ਦੇ ਮੁਸਾਫਿਰਾਂ ਨੂੰ ਕੈਨੇਡਾ ਵਿੱਚ ਦਾਖਲ ਨਾ ਹੋਣ ਦੇ ਵਿਰੋਧ ਵਿੱਚ ਸਾਰੇ ਪ੍ਰਵਾਸੀ ਭਾਰਤੀਆਂ ਵਿੱਚ ਅਤਿ ਦਾ ਗੁੱਸਾ ਸੀ । ਇਨ੍ਹਾਂ ਸਾਰੇ ਪ੍ਰਵਾਸੀਆਂ ਨੇ ਗ਼ਦਰ ਪਾਰਟੀ ਨਾਲ ਸੰਪਰਕ ਬਣਾਇਆ । ਪਰ ਅੰਗ੍ਰੇਜ਼ ਹਕੂਮਤ ਦਾ ਵਤੀਰਾ ਹੋਰ ਵੀ ਸਖ਼ਤ ਹੋ ਗਿਆ ।

ਕੈਨੇਡੀਅਨ ਹਕੂਮਤ ਦੇ ਇੰਮੀਗ੍ਰੇਸ਼ਨ ਇੰਸਪੈਕਟਰ ਵਿਲੀਅਮ ਹਾਪਨਿਕਸ ਨੇ 5 ਸਤੰਬਰ, 1914 ਈ: ਨੂੰ ਵੈਨਕੂਵਰ ਦੇ ਗੁਰਦੁਆਰਾ ਕੰਪਲੈਕਸ ਵਿੱਚ ਦੋ ਨੌਜਵਾਨਾਂ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ । ਇਨ੍ਹਾਂ ਸ਼ਹਾਦਤਾਂ ਦੇ ਰੋਸ ਵਜੋਂ 21 ਅਕਤੂਬਰ 1914 ਈ: ਨੂੰ ਪ੍ਰਵਾਸੀ ਭਾਰਤੀ ਭਾਈ ਸੇਵਾ ਸਿੰਘ ਨੇ ਸ਼ਹਿਰ ਦੀ ਕਚਹਿਰੀ ਵਿੱਚ ਹੀ ਵਿਲੀਅਮ ਹਾਪਨਿਕਸ ਨੂੰ ਗੋਲੀਆਂ ਨਾਲ ਉਡਾ ਦਿੱਤਾ । ਇਸ ਕਤਲ ਦੀ ਸਾਜਿਸ਼ ਵਿੱਚ ਅਤੇ ਸ਼ੱਕ ‘ਤੇ ਆਧਾਰਿਤ ਭਾਈ ਬਲਵੰਤ ਸਿੰਘ ਖੁਰਦਪੁਰ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ । ਪਰ ਕੋਈ ਗਵਾਹੀ ਨਾ ਮਿਲਣ ਕਰਕੇ ਛੱਡਣਾ ਪਿਆ । ਇਸ ਤੋਂ ਪਿੱਛੋਂ ਭਾਈ ਬਲਵੰਤ ਸਿੰਘ ਨੂੰ ਕੈਨੇਡਾ ਵਿੱਚੋਂ ਕੱਢ ਦਿੱਤਾ ਗਿਆ ।

ਕੈਨੇਡਾ ਤੋਂ ਵਾਪਸੀ ਸਮੇਂ ਭਾਈ ਬਲਵੰਤ ਸਿੰਘ ਸ਼ਿੰਘਾਈ ਪੁੱਜੇ ਅਤੇ ਪੂਰੇ ਹਿੰਦੁਸਤਾਨ ਦੇ ਲੋਕਾਂ ਦੀਆਂ ਔਕੜਾਂ ਨੂੰ ਦੇਖਦਿਆਂ ਗ਼ਦਰ ਲਹਿਰ ਦੇ ਹੱਕ ਵਿੱਚ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ । ਭਾਈ ਬਲਵੰਤ ਸਿੰਘ 1915 ਈ: ਵਿੱਚ ਥਾਈਲੈਂਡ ਗਏ । ਇਥੇ ਹੀ ਅਮਰੀਕਾ ਤੋਂ ਇਥੇ ਪੁੱਜੇ, ਸਾਰੇ ਗ਼ਦਰੀ ਬਾਬਿਆਂ ਨੂੰ ਮਿਲੇ । ਇਹ ਸਾਰੇ ਗ਼ਦਰੀ ਬਾਬੇ ਬਰਮਾ ਵਿਖੇ ਅੰਗ੍ਰੇਜ਼ਾਂ ਦੇ ਵਿਰੋਧ ਵਿੱਚ ਬਗ਼ਾਵਤ ਖੜ੍ਹੀ



ਕਰਨਾ ਚਾਹੁੰਦੇ ਸਨ । ਇਥੇ ਪੁੱਜ ਕੇ ਭਾਈ ਬਲਵੰਤ ਸਿੰਘ ਕੈਨੇਡੀਅਨ ਸਖ਼ਤ ਬਿਮਾਰ ਹੋ ਗਏ । ਜਦੋਂ ਹਸਪਤਾਲ ਪੁੱਜੇ ਤਾਂ ਇਥੋਂ ਇਨ੍ਹਾਂ ਨੂੰ ਬਿਮਾਰੀ ਦੀ ਹਾਲਤ ਵਿੱਚ ਹੀ ਗ੍ਰਿਫ਼ਤਾਰ ਕਰ ਲਿਆ ਗਿਆ । ਬਿਮਾਰੀ ਦੌਰਾਨ ਹੀ ਹਿੰਦੁਸਤਾਨ ਭੇਜ ਦਿੱਤਾ ਗਿਆ । ਹਿੰਦੁਸਤਾਨ ਪਹੁੰਚ ਕੇ ਭਾਈ ਬਵਲੰਤ ਸਿੰਘ ਵਰਗੇ ਸੂਰਬੀਰ ਤੇ ਅਣਖੀ ਯੋਧੇ ‘ਤੇ ਦੂਜੇ ਲਾਹੌਰ ਸਾਜਿਸ਼ ਕੇਸ ਅਧੀਨ ਮੁਕੱਦਮਾ ਚਲਾਇਆ ਗਿਆ । ਅੰਤ 30 ਮਾਰਚ, 1917 ਈ: ਵਿੱਚ ਇਸ ਅਣਖੀਲੇ ਨੌਜਵਾਨ ਨੂੰ ਲਾਹੌਰ ਜੇਲ੍ਹ ਵਿੱਚ ਫਾਂਸੀ ਦੇ ਫੰਦੇ ‘ਤੇ ਲਟਕਾਇਆ ਗਿਆ । ਪੰਜਾਬ ਦੀ ਜਰਖੇਜ਼ ਧਰਤੀ ਦਾ ਜੰਮਿਆ ਜਾਇਆ ਭਾਈ ਬਲਵੰਤ ਸਿੰਘ ਖੁਰਦਪੁਰ (ਕੈਨੇਡੀਅਨ) 35 ਕੁ ਸਾਲ ਦੀ ਭਰ ਜਵਾਨੀ ਵਿੱਚ ਹਿੰਦੁਸਤਾਨ ਦੇ ਗਲੋਂ ਗੁਲਾਮੀ ਦੇ ਤੌਕ ਨੂੰ ਲਾਹੁਣ ਲਈ ਸ਼ਹਾਦਤ ਦਾ ਜਾਮ ਪੀ ਗਿਆ । ਅੱਜ ਕੇਵਲ ਉਨ੍ਹਾਂ ਦੀ ਯਾਦ ਹੀ ਬਾਕੀ ਹੈ ।

**ਭਗਵਾਨ ਸਿੰਘ ਜੌਹਲ**

# Drugs and the Destruction of Nations Through Intoxication

## Baba Seva Singh Ji (Rampur Khera)

What is a Drug? According to the Mahan Kosh, a drug refers to an intoxicant, a narcotic substance, or anything that disturbs the mind. The semi-conscious state caused by the consumption of intoxicating substances is called a state of intoxication.The state of intoxication is such a condition of the mind that disconnects a person from reality and takes them into a state of unconsciousness or drunkenness. In this state, a person can neither think correctly nor act properly, because their mental ability becomes detached from rational thinking. If a person consumes intoxicants excessively, this state can develop into madness. In such a condition, a person loses the ability to distinguish between right and wrong and even loses awareness of self and others. Their intellect becomes impaired.Under such a weakened intellect, a person commits actions that bring disgrace in both this world and the hereafter, ultimately spending their life in regret and sorrow. In this intoxicated state, a person has no fear of the law, no shame before society, and no fear of God. In a state of madness, they act according to their impulses, thereby ruining both their worldly and spiritual life.Regarding the condition of an intoxicated person, Guru Amar Das Ji has stated:

ਮਾਣਸੁ ਭਰਿਆ ਆਣਿਆ ਮਾਣਸੁ ਭਰਿਆ ਆਇ॥ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ॥ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ॥ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ॥ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ॥ਨਾਨਕ ਨਦਰੀ ਸਚੁ ਮਦੁ ਪਾਈਐ ਸਤਿਗੁਰੁ ਮਿਲੈ ਜਿਸੁ ਆਇ॥(ਅੰਗ ੫੫੪)

In a state of intoxication, a person creates an imaginary world—like castles in the air—which has no connection with reality. As the effect of the drug wears off, this imaginary world begins to collapse, and reality reappears. The person who had tried to escape reality through drugs becomes even more distressed when confronted with it again. To escape this pain and regain the illusion of intoxication, they consume drugs repeatedly. Over time, this repeated use becomes a habit and eventually a part of their nature, making them a permanent slave to addiction. This slavery continues until the end of their life.Even if, through good company or spiritual guidance, a person develops the intention to quit drugs, their ingrained habits often overpower these positive intentions, preventing change. Thus, even when they wish to give up addiction, they find themselves unable to do so.Bhai Gurdas Ji explains this condition beautifully:

ਜੈਸੇ ਪੋਸਤੀ ਸੁਨਤ ਕਰਤ ਪੋਸਤ ਬੁਰੋ, ਤਾਂ ਕੇ ਬਸਿ ਭਯੋ ਛਾਡਯੋ ਚਾਹੈ ਪੈ ਨ ਛੂਟਈ॥ਜੈਸੇ ਜੂਆ ਖੇਲ ਬਿਤ ਹਾਰ ਬਿਲਖੈ ਜੁਆਰੀ, ਤਊ ਪਰ ਜੁਆਰਨ ਕੀ ਸੰਗਤਿ ਨ ਟੂਟਈ॥ਜੈਸੇ ਚੋਰ ਚੋਰੀ ਜਾਤ ਹਿਰਦੈ ਸਹਕਤ ਪੁਨਿ ਤਜਤ ਨ ਚੋਰੀ ਜੌ ਲੌ ਸੀਸ ਹੀ ਨ ਫੂਟਈ॥ਤੈਸੇ ਸਭ ਕਰਤ ਸੁਨਤ ਮਾਯਾ ਦੁਖਦਾਈ, ਕਾਹੂ ਪੈ ਨ ਜੀਤੀ ਪਰੈ ਮਾਯਾ ਜਗ ਲੂਟਈ॥੫੯੧॥

Drugs as a Tool for Destroying NationsHistory bears witness that a nation which cannot be destroyed by weapons can easily be destroyed through alcohol and indulgence in luxuries. If a nation is to be enslaved, it can be done by trapping it in addiction. Nations that fall prey to drugs lose their conscience, wealth, honor, and dignity. They may even surrender their land and sovereignty in exchange for intoxicants. History provides many examples of nations destroyed through drugs:

- Colonizers destroyed the bravery and pride of Native Americans through alcohol and took control of their land. Even today, their new generations are being weakened through easy access to alcohol and drugs.
- Similarly, the indigenous people of Australia suffered the same fate, being destroyed through intoxicants.
- In Ireland, the British weakened the people's desire for freedom by promoting alcohol—making it cheap and widely available. Even today, alcohol remains deeply embedded in Irish society.
- The Japanese used drugs to weaken the Chinese, while Russia did the same with the Mongolians. China began progressing after the 1948 revolution, when opium was eradicated.
- Through intoxicants, colonizers enslaved Black people and exploited them as laborers.In 1849, when the British annexed the Sikh Empire, they used alcohol and opium as tools to weaken the spirit of Sikh soldiers. Many became addicted, while brave warriors such as the Nihang Singhs were either eliminated or pushed into addiction.

Today, following the same pattern, even within our own country, traders are actively spreading drugs among their own people. Liquor shops are being opened at every corner, and tobacco products such as gutka and other intoxicants are being attractively packaged and openly sold near schools, colleges, and public places.Everyone must take responsibility to protect themselves and others from these deadly substances.

# ਸ੍ਰੀ ਦਰਬਾਰ ਸਾਹਿਬ ਸਮੂਹ ਵਿਖੇ ਸਦੀਆਂ ਪੁਰਾਣੀਆਂ ਪਵਿੱਤਰ ਬੇਰੀਆਂ ਨੂੰ ਲੱਗੇ ਸ਼ਰਧਾ ਦੇ ਬੇਰ

ਸ੍ਰੀ ਦਰਬਾਰ ਸਾਹਿਬ ਸਮੂਹ ਵਿੱਚ ਇਸ ਸਮੇਂ ਤਿੰਨ ਇਤਿਹਾਸਕ ਤੇ ਕਈ ਸਦੀਆਂ ਪੁਰਾਣੀਆਂ ਬੇਰੀਆਂ – ਦੁਖਭੰਜਨੀ ਬੇਰੀ, ਬੇਰ ਬਾਬਾ ਬੁੱਢਾ ਸਾਹਿਬ ਅਤੇ ਲਾਚੀ ਬੇਰੀ ਮੌਜੂਦ ਹਨ, ਇਹ ਇਤਿਹਾਸਕ ਦਰਖਤ ਇਸ ਪਾਵਨ ਅਸਥਾਨ ਵਿਖੇ ਸਮੇਂ ਨਾਲ ਤਬਦੀਲੀ ਦੇ ਸਭ ਤੋਂ ਵੱਡੇ ਗਵਾਹ ਹਨ। ਇਨ੍ਹਾਂ ਤਿੰਨਾਂ ਥਾਵਾਂ ਉੱਤੇ ਗੁਰਦੁਆਰਾ ਸਾਹਿਬਾਨ ਸਥਾਪਤ ਹਨ ਅਤੇ ਨਿਰੰਤਰ ਗੁਰਬਾਣੀ ਦਾ ਪ੍ਰਵਾਹ ਚੱਲਦਾ ਹੈ, ਸੰਗਤ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਲੈਂਦੀ ਹੈ। ਸਿੱਖ ਗੁਰੂ ਸਾਹਿਬਾਨ ਅਤੇ ਗੁਰੂ ਕਾਲ ਵੇਲੇ ਦੇ ਸਿੱਖ ਇਨ੍ਹਾਂ ਬੇਰੀਆਂ ਦੇ ਹੇਠ ਬਿਰਾਜਦੇ ਰਹੇ ਹਨ। ਅੱਜ ਵੀ ਗੁਰੂ ਦੇ ਸਿੱਖ ਇਨ੍ਹਾਂ ਬੇਰੀਆਂ ਦੇ ਹੇਠ ਬੈਠ ਕੇ ਸ੍ਰੀ ਦਰਬਾਰ ਸਾਹਿਬ ਵਿਖੇ ਚੱਲ ਰਹੇ ਨਿਰੰਤਰ ਗੁਰਬਾਣੀ ਕੀਰਤਨ ਦਾ ਅਨੰਦ ਮਾਣਦੇ ਹਨ। ਪ੍ਰਕਰਮਾ ਵਿੱਚ ਇੱਕ ਰੁੱਖ ਇਮਲੀ ਦਾ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਜਾਂਦੀ ਪੌੜੀਆਂ ਕੋਲ ਵੀ ਹੈ, ਇਹ ਇਤਿਹਾਸਕ ਰੁੱਖ ਸਮੇਂ ਨਾਲ ਖਤਮ ਹੋ ਗਿਆ ਸੀ ਅਤੇ ਹੁਣ ਇੱਥੇ ਨਵਾਂ ਬੂਟਾ ਲਗਾ ਕੇ ਇਤਿਹਾਸ ਨੂੰ ਸੁਰਜੀਤ ਰੱਖਣ ਦੀ ਕੋਸ਼ਿਸ਼ ਹੈ। ਇਨ੍ਹਾਂ ਵਿਰਾਸਤੀ ਰੁੱਖਾਂ ਦੀ ਦੇਖ ਰੇਖ ਤੇ ਸਾਂਭ ਸੰਭਾਲ ਦੀ ਜ਼ਿੰਮੇਵਾਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਨੂੰ ਸੌਂਪੀ ਹੋਈ ਹੈ ਅਤੇ ਸਮੇਂ-ਸਮੇਂ ਤਕਨੀਕੀ ਮਾਹਰ ਆਪਣਾ ਕਾਰਜ ਕਰਦੇ ਹਨ।ਸ੍ਰੀ ਦਰਬਾਰ ਸਾਹਿਬ ਵਿਖੇ ਆਉਣ ਵਾਲੇ ਸ਼ਰਧਾਲੂ ਅਕਸਰ ਇਨ੍ਹਾਂ ਬੇਰੀਆਂ ਦੇ ਹੇਠਾਂ ਲੰਮਾ ਸਮਾਂ ਖੜ੍ਹ ਕੇ ਉਡੀਕ ਕਰਦੇ ਹਨ ਕਿ ਹਵਾ ਨਾਲ ਝੜ ਕੇ ਕੋਈ ਬੇਰ ਉਨ੍ਹਾਂ ਦੀ ਝੋਲੀ ਪਵੇ। ਬੇਰੀਆਂ ਦੀ ਸਾਂਭ ਸੰਭਾਲ ਦੇ ਮੱਦੇਨਜ਼ਰ ਪ੍ਰਬੰਧਕਾਂ ਨੇ ਸੰਗਤ ਨੂੰ ਇਸ ਗੱਲ ਤੋਂ ਵਰਜਿਆ ਹੋਇਆ ਹੈ ਕਿ ਉਹ ਬੇਰ ਦੇ ਫਲ਼ ਜਾਂ ਪੱਤਿਆਂ ਨੂੰ ਆਪ ਤੋੜਣ। ਪਵਿੱਤਰ ਬੇਰੀਆਂ ਤੋਂ ਬੇਰ ਆਪ ਤੋੜ ਕੇ ਪ੍ਰਾਪਤ ਕਰਨ ਵਾਲਾ ਸੁਭਾਅ ਕੁਦਰਤ ਦੇ ਭਾਣੇ ਜਾਂ ਵਰਤਾਰੇ ਨਾਲ ਮੇਚ ਵੀ ਨਹੀਂ ਖਾਂਦਾ, ਇਸ ਲਈ ਸ਼ਰਧਾਲੂ ਅਜਿਹਾ ਕਰਦੇ ਵੀ ਨਹੀਂ। ਕੋਈ ਇੱਕਾ ਦੁੱਕਾ ਮਰਯਾਦਾ ਤੇ ਸਿੱਖਿਆ ਤੋਂ ਅਣਜਾਣ ਸ਼ਰਧਾਲੂ ਜਾਂ ਯਾਤਰੂ ਹੋ ਸਕਦਾ ਹੈ ਅਜਿਹਾ ਕਰ ਵੀ ਦਿੰਦਾ ਹੋਵੇ। ਜੇਕਰ ਬੇਰ ਆਪ ਛੜ ਕੇ ਜਾਂ ਟੁੱਟ ਕੇ ਕਿਸੇ ਸ਼ਰਧਾਲੂ ਦੀ ਝੋਲੀ ਪਵੇ ਤਾਂ ਸ਼ਰਧਾਲੂ ਵੀ ਉਸ ਨੂੰ ਪ੍ਰਸ਼ਾਦ ਵਜੋਂ ਹਾਸਲ ਕਰਦੇ ਹਨ।ਦਾਸ ਨੂੰ ਗੁਰੂ ਸਾਹਿਬ ਦੀ ਕਿਰਪਾ ਨਾਲ ਆਪਣੇ ਜੀਵਨ ਕਾਲ ਵਿੱਚ ਅੱਜ ਤੱਕ ਕੇਵਲ ਇੱਕ ਬੇਰ ਦੁਖਭੰਜਨੀ ਬੇਰੀ ਦਾ ਕੁਦਰਤ ਦੇ ਭਾਣੇ ਨਾਲ ਝੋਲੀ ਪਿਆ ਹੈ, ਜਿਸ ਨੂੰ ਸਾਰੇ ਪਰਿਵਾਰ ਨਾਲ ਵੰਡ ਕੇ ਛਕਿਆ ਅਤੇ ਮਨ ਨੂੰ ਬਹੁਤ ਸਕੂਨ ਮਿਲਿਆ। ਜਦੋਂ ਦੁਖਭੰਜਨੀ ਬੇਰੀ ਹੇਠ ਜਲ ਦਾ ਚੂਲਾ ਲੈਣ ਲਈ ਉਤਰਨ ਲੱਗਾ ਤਾਂ ਉੱਤੋਂ ਇੱਕ ਬੇਰ ਹੇਠਾਂ ਸਰੋਵਰ ਦੀ ਸੁੱਕੀ ਪੌੜੀ ਉੱਤੇ ਡਿੱਗ ਕੇ ਫੁੱਟ ਗਿਆ ਅਤੇ ਉਸਤੋਂ ਹੇਠਲੀ ਪੌੜੀ ਜਿੱਥੇ ਸਰੋਵਰ ਦਾ ਜਲ ਸੀ ਵਿੱਚ ਜਾ ਡਿੱਗਾ। ਮੈਂ ਤੁਰੰਤ ਹੀ ਬੇਰ ਚੁੱਕਿਆ ਅਤੇ ਆਪਣੇ ਖੀਸੇ ਵਿੱਚ ਪਾ ਲਿਆ, ਫਲ਼ ਨੂੰ ਕੋਲ ਰੱਖਿਆ ਅਤੇ ਜਿਸ ਦਿਨ ਮਾਪਿਆਂ ਤੇ ਪਰਿਵਾਰ ਕੋਲ ਘਰ ਗਏ ਤਾਂ ਉਸ ਨੂੰ ਵੰਡ ਕੇ ਛਕਿਆ।ਇਨ੍ਹਾਂ ਬੇਰੀਆਂ ਦੇ ਇਤਿਹਾਸ ਦੀ ਗੱਲ ਕਦੇ ਬਾਅਦ ਵਿੱਚ ਲਿਖਾਂਗੇ ਅਤੇ ਸ਼ਰਧਾ ਤੱਕ ਹੀ ਸੀਮਤ ਰੱਖ ਰਿਹਾ ਹਾਂ।

ਮੌਜੂਦਾ ਸਮੇਂ ਇਹ ਬੇਰੀਆਂ ਫਲ਼ਾਂ ਨਾਲ ਲੱਦੀਆਂ ਪਈਆਂ ਹਨ ਅਤੇ ਪੱਕੇ ਬੇਰ ਹਵਾ ਦੇ ਬੁੱਲੇ ਨਾਲ ਹੇਠਾਂ ਡਿੱਗਦੇ ਹਨ ਤੇ ਸ਼ਰਧਾਲੂ ਬੜੀ ਫੁਰਤੀ ਨਾਲ ਉਸ ਨੂੰ ਹਾਸਲ ਕਰਦੇ ਹਨ। ਇਹ ਗੁਰੂ ਸਾਹਿਬ ਦੀ ਕਿਰਪਾ ਹੀ ਹੈ ਕਿ ਸਦੀਆਂ ਬੀਤ ਜਾਣ ਦੇ ਬਾਵਜੂਦ ਵੀ ਇਹ ਬੇਰੀਆਂ ਅੱਜ ਵੀ ਆਪਣੇ ਪ੍ਰਸ਼ਾਦ ਰੂਪੀ ਬੇਰਾਂ ਨਾਲ ਉਵੇਂ ਹੀ ਸੰਗਤ ਨੂੰ ਸੰਤੁਸ਼ਟੀ ਦਿੰਦੀਆਂ ਹਨ ਜਿਵੇਂ ਗੁਰੂ ਕਾਲ ਦਾ ਵੇਲਾ ਸੀ।

-ਜਸਕਰਨ ਸਿੰਘ



# ਜਾਗ ਲੇਹੁ ਰੇ ਮਨਾ

ਗੁਰਬਾਣੀ ਦੇ ਫ਼ਰਮਾਨ 'ਜਾਗ ਲੇਹੁ ਰੇ ਮਨਾ ਜਾਗ ਲੇਹੁ ਕਹਾ ਗਾਫਲ ਸੋਇਆ' ਵਿਚ ਮਨੁੱਖ ਨੂੰ ਉਸ ਦੇ ਅਸਲੀ ਮਕਸਦ ਦਾ ਚੇਤਾ ਕਰਾਇਆ ਗਿਆ ਹੈ। ਇਸ ਵਿਚ ਇਹ ਵੀ ਦੱਸਿਆ ਗਿਆ ਹੈ ਕਿ ਹੇ ਪ੍ਰਾਣੀ! ਪਰਮਾਤਮਾ ਨੇ ਤੈਨੂੰ ਸੰਸਾਰ ਵਿਚ ਭੇਜਿਆ ਹੈ ਤਾਂ ਜੋ ਤੂੰ ਪ੍ਰਭੂ ਦਾ ਸਿਮਰਨ ਕਰ ਕੇ ਪਰਮਜੋਤ ਵਿਚ ਸਮਾ ਕੇ ਉਸ ਦਾ ਹੀ ਰੂਪ ਬਣ ਸਕੇਂ। ਇਸ ਦੁਨਿਆਵੀ ਸੰਸਾਰ ਵਿਚ ਰਹਿੰਦਿਆਂ ਹੋਇਆਂ ਤੂੰ 'ਹਰਿ ਕਾ ਸੇਵਕ ਹਰਿ ਹੀ ਜੇਹਾ' ਦੀ ਪਦਵੀ ਪ੍ਰਾਪਤ ਕਰਨੀ ਹੈ ਅਤੇ ਇਸ ਸੰਸਾਰ ਨੂੰ ਜਦੋਂ ਛੱਡ ਕੇ ਜਾਣਾ ਹੈ ਉਦੋਂ ਤੇਰੇ ਮਨ ਵਿਚ ਕੋਈ ਗੱਲ ਰਹਿ ਨਾ ਜਾਵੇ ਜਿਸ ਨਾਲ ਤੈਨੂੰ ਪਛਤਾਉਣਾ ਪਵੇ:

ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ।।(ਅੰਗ ੯੧੮)

ਗੁਰਬਾਣੀ ਅਨੁਸਾਰ ਮਨੁੱਖ ਨੂੰ ਹੀ ਸੰਸਾਰ ਵਿਚ ਸ੍ਰੇਸ਼ਟ ਮੰਨਿਆ ਗਿਆ ਹੈ, ਜਿਸ ਦੇ ਬਾਰੇ ਭਾਈ ਗੁਰਦਾਸ ਜੀ ਆਪਣੀ ੧੫ਵੀਂ ਵਾਰ ਦੀ ਤੀਸਰੀ ਪਉੜੀ ਵਿਚ ਜ਼ਿਕਰ ਕਰਦੇ ਹਨ:

ਲਖ ਚਉਰਾਸੀਹ ਜੂਨਿ ਵਿਚਿ ਉਤਮੁ ਜੂਨਿ ਸੁ ਮਾਣਸ ਦੇਹੀ।

ਮਨੁੱਖਾ ਦੇਹੀ ਦਾ ਮਨੋਰਥ ਹੀ ਪ੍ਰਭੂ ਪਰਮਾਤਮਾ ਨਾਲ ਮਿਲਣ ਦੀ ਵਾਰੀ ਕਿਹਾ ਗਿਆ ਹੈ। ਜੈਸਾ ਕਿ ਗੁਰਬਾਣੀ ਦੇ ਇਸ ਫ਼ਰਮਾਨ ਤੋਂ ਇਸ ਦੀ ਪੁਸ਼ਟੀ ਹੋ ਜਾਂਦੀ ਹੈ:

ਭਈ ਪਰਾਪਤਿ ਮਾਨੁਖ ਦੇਹੁਰੀਆ।।
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ।।(ਅੰਗ ੧੨)

ਹੋਰ ਸਾਰੀਆਂ ਹੀ ਜੂਨਾਂ ਨੂੰ ਮਨੁੱਖ ਦੀ ਸੇਵਕ ਕਿਹਾ ਗਿਆ ਹੈ ਕਿ ਸਾਰੇ ਜੀਵ ਹੀ ਤੇਰੀ ਸੇਵਾ ਲਈ ਹੀ ਪਰਮਾਤਮਾ ਨੇ ਪੈਦਾ ਕੀਤੇ ਹਨ ਤੇ ਇਸ ਧਰਤੀ ਦੀ ਸਰਦਾਰੀ ਵੀ ਮਨੁੱਖ ਨੂੰ ਬਖ਼ਸ਼ੀ ਹੈ:

ਅਵਰ ਜੋਨਿ ਤੇਰੀ ਪਨਿਹਾਰੀ।।ਇਸੁ ਧਰਤੀ ਮਹਿ ਤੇਰੀ ਸਿਕਦਾਰੀ।।
(ਅੰਗ ੩੭੪)

ਮਨੁੱਖਾ-ਜਨਮ ਨੂੰ ਸਭ ਜਨਮਾਂ ਤੋਂ ਉੱਤਮ ਗਿਣਿਆ ਗਿਆ ਹੈ ਕਿਉਂਕਿ ਮਨੁੱਖਾ ਜਨਮ ਹੀ ਹੈ ਜਿਸ ਰਾਹੀਂ ਪਰਮਾਤਮਾ ਤਕ ਪਹੁੰਚ ਸਕਦੇ ਹਾਂ।ਹਮੇਸ਼ਾਂ ਗੁਰੂ ਦੀ ਮਤ ਅਨੁਸਾਰ ਕਰਮ ਕਰਨੇ ਚਾਹੀਦੇ ਹਨ। ਜੇਕਰ ਮਨਮਤ ਅਨੁਸਾਰ ਕਰਮ ਕਰਾਂਗੇ ਤਾਂ ਜਨਮ-ਮਰਨ ਦੇ ਗੇੜ ਵਿਚ ਫਸੇ ਰਹਾਂਗੇ।ਗੁਰੂ ਜੀ ਕਹਿੰਦੇ ਹਨ ਕਿ ਅਜਿਹੇ ਕੰਮ ਨਹੀਂ ਕਰਨੇ ਚਾਹੀਦੇ ਜਿਨ੍ਹਾਂ ਨਾਲ ਜਦਜੀਵਨ-ਯਾਤਰਾ ਖ਼ਤਮ ਹੋਣ 'ਤੇ ਹੋਵੇ ਤੇ ਮਨੁੱਖ ਨੂੰ ਪਛਤਾਉਣਾ ਪਵੇ ਤੇ ਉਸ ਪਰਮਾਤਮਾ ਨੂੰ ਮਿਲਣ 'ਤੇ ਸ਼ਰਮਿੰਦਗੀ ਹੋਵੇ।ਗੁਰਬਾਣੀ ਪੜ੍ਹਨੀ, ਸੇਵਾ ਕਰਨੀ, ਧਰਮ ਪ੍ਰਚਾਰ ਕਰਨਾ ਤਾਂ ਹੀ ਸਫਲ ਹੈ ਜੇਕਰ ਗੁਰੂ ਸਾਹਿਬ ਦੀ ਮਤ ਅਨੁਸਾਰ ਜੀਵ ਨਿਰਮਲ ਕੰਮ ਕਰੇ ਅਤੇ ਪਰਮਾਤਮਾ ਦਾ ਨਾਮ ਜਪੇਂ ਪਰ ਸਾਡਾ ਕਰਮ ਤਾਂ ਮਨ ਦੀ ਮਤ ਅਨੁਸਾਰ ਹੁੰਦਾ ਹੈ ਜਿਸ ਕਰਕੇ ਅਸੀਂ ਜੀਵਨ-ਮਨੋਰਥ ਵਿਚ ਅੱਗੇ ਜਾਣ ਦੀ ਥਾਂ ਪਿੱਛੇ ਜਾ ਰਹੇ ਹਾਂ।ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਤ੍ਵ ਪ੍ਰਸਾਦਿ ਸਵੈਯੇ' ਰਚ ਕੇ ਸਾਡੇ ਭਰਮ-ਭੁਲੇਖੇ ਅਤੇ ਵਹਿਮ ਦੂਰ ਕੀਤੇ ਹਨ ਪਰ ਹਾਲੇ ਵੀ ਅਸੀਂ 'ਤ੍ਵ ਪ੍ਰਸਾਦਿ ਸਵੈਯੇ' ਪੜ੍ਹਦੇ ਹੋਏ ਵੀ ਇਨ੍ਹਾਂ ਭਰਮ-ਭੁਲੇਖਿਆਂ ਵਿਚ ਜਕੜੇ ਹੋਏ ਹਾਂ। ਇਸ ਤਰ੍ਹਾਂ ਅਸੀਂ ਗੁਰੂ ਤੋਂ ਦੂਰ ਹੁੰਦੇ ਜਾ ਰਹੇ ਹਾਂ। ਗੁਰੂ ਸਾਹਿਬ ਨੇ ਤਾਂ ਸਾਨੂੰ ਉਪਦੇਸ਼ ਦਿੱਤਾ ਹੈ ਕਿ ਅਕਾਲ ਪੁਰਖ ਨਾਲ ਜੁੜਨਾ ਚਾਹੀਦਾ ਹੈ ਪਰ ਅਸੀਂ ਤਾਂ ਅਕਾਲ ਪੁਰਖ ਦੇ ਸੱਚੇ ਨਾਮ ਨਾਲੋਂ ਟੁੱਟ ਕੇ ਹੋਰਨਾਂ ਨਾਲ ਜੁੜੀ ਜਾ ਰਹੇ ਹਾਂ। ਗੁਰੂ ਸਾਹਿਬ ਦਾ ਫ਼ਰਮਾਨ ਹੈ:

ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ।।(ਅੰਗ ੪੭੦)

ਗੁਰੂ ਸਾਹਿਬ ਨੇ ਜਿਸ ਗੱਲ ਤੋਂ ਰੋਕਿਆ ਹੈ ਅਸੀਂ ਉਹੋ ਹੀ ਕਰੀ ਜਾਈਏ ਤਾਂ ਸਾਡੀ ਕੀਤੀ ਸੇਵਾ ਅਤੇ ਕੀਤੇ ਕਰਮ ਵਿਅਰਥ ਹੋ ਜਾਣਗੇ ਅਤੇ ਉਸ ਵਾਹਿਗੁਰੂ ਦੀ ਸਾਡੇ ਪੱਲੇ ਹਾਰ ਹੀ ਪੈਂਦੀ ਹੈ। ਗੁਰੂ ਸਾਹਿਬ ਇਉਂ ਫ਼ੁਰਮਾਉਂਦੇ ਹਨ:

ਐਸੀ ਕਲਾ ਨ ਖੇਡੀਐ ਜਿਤੁ ਦਰਗਹ ਗਇਆ ਹਾਰੀਐ।।(ਅੰਗ ੪੬੯)

ਗੁਰੂ ਸਾਹਿਬ ਨੇ ਸਾਨੂੰ ਸਮਝਾਉਣ ਵਾਸਤੇ ਜ਼ਮੀਨ, ਜਾਇਦਾਦ, ਧਨ-ਦੌਲਤ ਦੇ ਦਾਨ ਦੀ ਗੱਲ ਕੀਤੀ ਹੈ, ਤੀਰਥਾਂ ਦਾ ਭ੍ਰਮਣ, ਯੋਗ-ਆਸਨ ਆਦਿ ਸਾਰੇ ਕਰਮਕਾਂਡਾਂ ਦੀ ਗੱਲ ਕਰ ਕੇ ਇਹ ਨਿਰਨਾ ਕੀਤਾ ਹੈ ਕਿ ਅਜਿਹਾ ਕਰਨ ਨਾਲ ਸਾਡਾ ਉਸ ਵਾਹਿਗੁਰੂਨਾਲ ਮੇਲ ਨਹੀਂ ਹੋ ਸਕਦਾ:

ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ।।
ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ।।(ਅੰਗ ੬੪੧)

ਭਾਈ ਗੁਰਦਾਸ ਜੀ ਦੱਸਦੇ ਹਨ ਕਿ ਗੁਰਮੁਖਾਂ ਦਾ ਗਿਆਨ ਅਤੇ ਧਿਆਨ ਇੰਨਾ ਉੱਚੇ ਪੱਧਰ ਦਾ ਹੈ ਕਿ ਉਹ ਹਰ ਕੰਮ ਕਰਨ ਲੱਗੇ ਗੁਰੂ ਦੀ ਬਖਸ਼ੀ ਕਸਵੱਟੀ 'ਤੇ ਉਤਰਦੇ ਹਨ, ਸੱਚ ਤੇ ਝੂਠ ਦੀ ਪਰਖ ਕਰ ਸਕਦੇ ਹਨ ਇਸ ਲਈ ਗੁਰਮੁਖ ਦੀ ਦੀ ਤੁਲਨਾ ਪਰਮਹੰਸ ਨਾਲ ਕੀਤੀ ਹੈ। ਜੋ ਪਾਣੀ-ਦੁੱਧ ਦੇ ਘੋਲ ਵਿੱਚੋਂ ਦੁੱਧ ਵੱਖਰਾ ਕਰ ਕੇ ਪੀ ਜਾਂਦਾ ਹੈ। ਸਾਡੀ ਵੀ ਅਕਲ ਇੰਨੀ ਚੰਗੀ ਹੋਣੀ ਚਾਹੀਦੀ ਹੈ। ਪਰ ਸੱਚ ਤਾਂ ਇਹ ਹੈ ਕਿ ਅਸੀਂ ਦੁੱਧ ਨੂੰ ਛੱਡ ਕੇ ਪਾਣੀ ਨਾਲ ਸੰਬੰਧ ਜੋੜ ਬੈਠੇ ਹਾਂ। ਗੁਰੂ ਸਾਹਿਬ ਸਾਡੀਅਗਵਾਈ ਕਰਦੇ ਹਨ:

ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ।।
ਅਕਲੀ ਪੜ੍ਹਿ ਕੈ ਬੁਝੀਐ ਅਕਲੀ ਕੀਚੈ ਦਾਨੁ।।(ਅੰਗ ੧੨੪੫)

ਸਾਨੂੰ ਨਾਮ ਨਾਲ ਜੁੜਨਾ ਚਾਹੀਦਾ ਹੈ ਤਾਂ ਜੋ ਸ਼ਬਦ ਦੀ ਕਮਾਈ ਕਰ ਕੇ ਉਸ ਦਾ ਰੂਪ ਹੋ ਸਕੀਏ ਅਤੇ ਆਵਾਗਵਣ ਦੇ ਚੱਕਰ ਤੋਂ ਬਚ ਸਕੀਏ। ਪਰ ਅਸੀਂ ਤਾਂ ਪ੍ਰਭੂ ਦਾ ਸਿਮਰਨ ਛੱਡ ਕੇ ਹੋਰਨਾਂ ਗੱਲਾਂ ਨੂੰ ਪਹਿਲ ਦੇ ਰਹੇ ਹਾਂ। ਇਸ ਲਈ ਸਾਨੂੰ ਗੁਰੂਮਹਾਰਾਜ ਸਮਝਾਉਂਦੇ ਹਨ:

ਜਿਨੀ ਨਾਮੁ ਵਿਸਾਰਿਆ ਬਹੁ ਕਰਮ ਕਮਾਵਹਿ ਹੋਰਿ।।
ਨਾਨਕ ਜਮ ਪੁਰਿ ਬਧੇ ਮਾਰੀਅਹਿ ਜਿਉ ਸੰਨੀ ਉਪਰਿ ਚੋਰ।।(ਅੰਗ ੧੨੪੭)

ਜੇਕਰ ਗੁਰੂ ਜੀ ਦੇ ਨਿਯਮ ਅਨੁਸਾਰ ਜੀਵਨ ਜੀਵਿਆ ਜਾਵੇ ਤਾਂ ਜੀਵਨ ਵਿਚ ਅਨੰਦ ਹੀ ਅਨੰਦ ਹੈ ਅਤੇ ਜਨਮ-ਮਰਨ ਦਾ ਡਰ ਖ਼ਤਮ ਹੋ ਜਾਂਦਾ ਹੈ:

ਗੁਰ ਕਾ ਕਹਿਆ ਜੇ ਕਰੇ ਸੁਖੀ ਹੂ ਸੁਖੁ ਸਾਰੁ।।
ਗੁਰ ਕੀ ਕਰਣੀ ਭਉ ਕਟੀਐ ਨਾਨਕ ਪਾਵਹਿ ਪਾਰੁ।।(ਅੰਗ ੧੨੪੮)

ਆਉ ਪ੍ਰਣ ਕਰੀਏ, ਸਭ ਕੁਝ ਤਿਆਗ ਕੇ ਉਸ ਵਾਹਿਗੁਰੂ ਨਾਲ ਸਹੀ ਰਿਸ਼ਤਾ ਜੋੜੀਏ। ਸੱਚੇ ਦਿਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਨਿਰਮਲ ਸਿਖਿਆ ਪ੍ਰਾਪਤ ਕਰ ਕੇ ਉਸ 'ਤੇ ਅਮਲ ਕਰਦੇ ਹੋਏ ਮਨੁੱਖਾ-ਜਨਮ ਸਫਲ ਕਰੀਏ।

**ਮ. ਭਗਵੰਤ ਸਿੰਘ**

# ਪੰਜਾਬ ਧਾਰਮਿਕ ਗ੍ਰੰਥਾਂ ਵਿਰੁੱਧ ਅਪਰਾਧਾਂ ਦੀ ਰੋਕਥਾਮ ਬਿੱਲ 2025 ਦੇ ਸਬੰਧ ’ਚ ਸ਼੍ਰੋਮਣੀ ਕਮੇਟੀ ਵੱਲੋਂ ਬਣਾਈ ਉਚ ਪੱਧਰੀ ਕਮੇਟੀ ਦੀ ਹੋਈ ਇਕੱਤਰਤਾ

ਅੰਮ੍ਰਿਤਸਰ-ਪੰਜਾਬ ਸਰਕਾਰ ਵੱਲੋਂ ਪ੍ਰਸਾਵਿਤ “ਪੰਜਾਬ ਧਾਰਮਿਕ ਗ੍ਰੰਥਾਂ ਵਿਰੁੱਧ ਅਪਰਾਧਾਂ ਦੀ ਰੋਕਥਾਮ ਬਿੱਲ 2025” ਦੇ ਸਬੰਧ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਿਰਧਾਰਤ ਪੰਦਰਾਂ ਮੈਂਬਰੀ ਉੱਚ ਪੱਧਰੀ ਸਬ-ਕਮੇਟੀ ਦੀ ਚੰਡੀਗੜ੍ਹ ਸਥਿਤ ਸਬ ਆਫਿਸ ਵਿਖੇ ਇਕੱਤਰਤਾ ਹੋਈ ਜਿਸ ਵਿੱਚ ਰਿਟਾਇਰਡ ਜਸਟਿਸ ਸ. ਮੋਹਿੰਦਰ ਮੋਹਨ ਸਿੰਘ ਬੇਦੀ, ਸੀਨੀਅਰ ਐਡਵੋਕੇਟ ਸ. ਪੂਰਨ ਸਿੰਘ ਹੁੰਦਲ, ਸਾਬਕਾ ਜ਼ਿਲ੍ਹਾ ਅਟਾਰਨੀ ਐਡਵੋਕੇਟ ਬਲਤੇਜ ਸਿੰਘ ਢਿੱਲੋਂ, ਸਾਬਕਾ ਚੇਅਰਮੈਨ ਪੰਜਾਬ ਸਕੂਲ ਸਿੱਖਿਆ ਬੋਰਡ ਸ. ਕੇਹਰ ਸਿੰਘ, ਮੈਂਬਰ ਸਿੱਖ ਇਤਿਹਾਸ ਰਿਸਰਚ ਬੋਰਡ ਡਾ. ਪਰਮਵੀਰ ਸਿੰਘ ਤੇ ਬੀਬੀ ਪ੍ਰਭਜੋਤ ਕੌਰ, ਸ਼੍ਰੋਮਣੀ ਕਮੇਟੀ ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਐਡਵੋਕੇਟ ਅਮਰਦੀਪ ਸਿੰਘ ਧਾਰਨੀ, ਐਡਵੋਕੇਟ ਬਰਜਿੰਦਰ ਸਿੰਘ ਸੋਢੀ, ਸ਼੍ਰੋਮਣੀ ਕਮੇਟੀ ਦੇ ਕਾਨੂੰਨੀ ਸਲਾਹਕਾਰ ਸ. ਅਮਨਬੀਰ ਸਿੰਘ ਸਿਆਲੀ ਤੇ ਮੀਤ ਸਕੱਤਰ ਸ. ਲਖਵੀਰ ਸਿੰਘ (ਕੋਆਰਡੀਨੇਟਰ) ਸ਼ਾਮਲ ਹੋਏ।ਇਕੱਤਰਤਾ ਦੌਰਾਨ ਪਿਛਲੇ ਦਿਨੀ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਪ੍ਰੈੱਸ ਨੂੰ ਦਿੱਤੇ ਗਏ ਬਿਆਨ, ਸਬ ਕਮੇਟੀ ਵੱਲੋ ਪਹਿਲੀਆਂ ਮੀਟਿੰਗਾਂ ਅਤੇ ਵਿਧਾਨ ਸਭਾ ਸਿਲੈਕਟ ਕਮੇਟੀ ਨਾਲ ਵਿਧਾਨ ਸਭਾ ਦੀ ਇਮਾਰਤ ਵਿੱਚ ਹੋਈ ਮੀਟਿੰਗ ਦੇ ਸਬੰਧ ਵਿੱਚ ਵਿਸਥਾਰ ਨਾਲ ਵਿਚਾਰ ਵਟਾਦਰਾਂ ਕੀਤਾ ਗਿਆ। ਇਕੱਤਰਤਾ ਮਗਰੋਂ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਸਬ-ਕਮੇਟੀ ਦੇ ਚੇਅਰਮੈਨ ਰਿਟਾਇਰਡ ਜਸਟਿਸ ਸ. ਮੋਹਿੰਦਰ ਮੋਹਨ ਸਿੰਘ ਬੇਦੀ ਨੇ ਦੱਸਿਆ ਕਿ ਮੀਟਿੰਗ ਵਿੱਚ ਸਬ-ਕਮੇਟੀ ਦੇ ਸਮੂਹ ਮੈਂਬਰਾਂ ਵੱਲੋਂ ਇਹ ਮਹਿਸੂਸ ਕੀਤਾ ਗਿਆ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਰੋਕਣ ਸਬੰਧੀ ਸਖ਼ਤ ਕਾਨੂੰਨ ਬਣਾਉਣ ਬਾਰੇ ਮੁੱਖ ਮੰਤਰੀ ਦਾ ਬਿਆਨ ਭੰਬਲਭੂਸਾ ਪੈਦਾ ਕਰਨਾ ਵਾਲਾ ਹੈ। ਮੁੱਖ ਮੰਤਰੀ ਵੱਲੋਂ ਜੋ 22 ਮਾਰਚ ਨੂੰ ਬਿਆਨ ਦਿੱਤਾ ਗਿਆ ਹੈ ਉਹ “ਦ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ 2008” ਦੇ ਕਾਨੂੰਨ ਨਾਲ ਸਬੰਧਤ ਹੈ। “ਦ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ 2008” ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪ੍ਰਿੰਟਿੰਗ, ਪਬਲੀਕੇਸ਼ਨ, ਡਿਸਟ੍ਰੀਬਿਊਸ਼ਨ ਅਤੇ ਸਪਲਾਈ ਬਾਰੇ ਹੈ। ਪਰ ਮੁੱਖ ਮੰਤਰੀ ਵੱਲੋਂ ਆਪਣੇ ਬਿਆਨ ਵਿੱਚ ਜਿਸ ਸਬ-ਕਮੇਟੀ ਦਾ ਹਵਾਲਾ ਦਿੱਤਾ ਗਿਆ ਹੈ ਕਿ ਉਹ 2025 ਦੇ ਪ੍ਰਸਤਾਵਿਤ “ਪੰਜਾਬ ਪਵਿੱਤਰ ਧਾਰਮਿਕ ਗ੍ਰੰਥਾਂ ਦੇ ਵਿਰੁੱਧ ਅਪਰਾਧਾਂ ਦੀ ਰੋਕਥਾਮ ਬਿੱਲ 2025” ਬਾਰੇ ਹੈ, ਜੋ ਸਾਰੇ ਧਰਮਾਂ ਦੇ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਨਾਲ ਸਬੰਧਤ ਹੈ। ਉਨ੍ਹਾਂ ਕਿਹਾ ਕਿ ਸਬ ਕਮੇਟੀ ਇਹ ਮਹਿਸੂਸ ਕਰਦੀ ਹੈ ਕਿ ਮੁੱਖ ਮੰਤਰੀ ਵੱਲੋਂ ਦਿੱਤੇ ਬਿਆਨਾਂ ਨਾਲ ਪੰਜਾਬ ਸਰਕਾਰ ਵੱਲੋਂ ਪ੍ਰਸਤਾਵਿਤ “ਪੰਜਾਬ ਪਵਿੱਤਰ ਧਾਰਮਿਕ ਗ੍ਰੰਥਾਂ ਦੇ ਵਿਰੁੱਧ ਅਪਰਾਧਾਂ ਦੀ ਰੋਕਥਾਮ ਬਿੱਲ 2025” ਅਤੇ “ਦ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ 2008” ਸਬੰਧੀ ਭੰਬਲਭੂਸਾ ਪੈਦਾ ਹੋ ਰਿਹਾ ਹੈ। ਮੁੱਖ ਮੰਤਰੀ ਵੱਲੋਂ ਦਿੱਤੇ ਗਏ ਬਿਆਨ ਕਿ “ਦ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਕਾਰ ਐਕਟ 2008” ਵਿੱਚ ਉੱਘੇ ਵਕੀਲ ਸਾਹਿਬਾਨ ਅਤੇ ਧਾਰਮਿਕ ਸੰਸਥਾਵਾਂ ਨਾਲ ਸਲਾਹ ਮਸ਼ਵਰਾ ਕਰਕੇ ਸੋਧ ਕੀਤੀ ਜਾਵੇਗੀ, ਦੇ ਸਬੰਧੀ ਸ਼੍ਰੋਮਣੀ ਕਮੇਟੀ ਜੋ ਕਿ ਸਿੱਖਾਂ ਦੀ ਨੁਮਾਇੰਦਾ ਸੰਸਥਾ ਹੈ ਨਾਲ ਨਾ ਤਾਂ ਹੁਣ ਤੀਕ ਪੰਜਾਬ ਸਰਕਾਰ ਵੱਲੋਂ ਕੋਈ ਰਾਬਤਾ ਕਾਇਮ ਕੀਤਾ ਗਿਆ ਅਤੇ ਨਾ ਹੀ “ਦ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਕਾਰ ਐਕਟ 2008” ਵਾਲੇ ਬਿੱਲ ਵਿੱਚ ਜੋ ਸੋਧ ਕਰਨੀ ਹੈ ਉਸ ਸਬੰਧੀ ਖਰੜਾ ਭੇਜਿਆ ਗਿਆ ਹੈ।ਉਨ੍ਹਾਂ ਕਿਹਾ ਕਿ ਸਰਕਾਰ ਦੀ ਮਨਸ਼ਾ ਇਸ ਗੱਲ ਤੋਂ ਵੀ ਸਪੱਸ਼ਟ ਹੋ ਰਹੀ ਹੈ ਕਿ ਬੇਅਦਬੀਆਂ ਸਬੰਧੀ ਬਣਾਏ ਜਾਣ ਵਾਲੇ ਕਾਨੂੰਨ ਬਾਰੇ ਸ਼੍ਰੋਮਣੀ ਕਮੇਟੀ ਵੱਲੋਂ ਲਗਾਤਾਰ ਪੱਤਰਾਂ ਰਾਹੀਂ ਕਈ ਵਾਰ ਮੰਗੀਆਂ ਜਾ ਰਹੀਆਂ ਜਾਣਕਾਰੀਆਂ ਵੀ ਉਨ੍ਹਾਂ ਵੱਲੋਂ ਸਾਂਝੀਆਂ ਨਹੀਂ ਕੀਤੀਆਂ ਜਾ ਰਹੀਆਂ। ਮੰਗੇ ਗਏ ਦਸਤਾਵੇਜ਼/ਜਾਣਕਾਰੀ ਦੇਣ ਤੋਂ ਸਿਲੈਕਟ ਕਮੇਟੀ/ਸਕੱਤਰ ਵਿਧਾਨ ਸਭਾ ਅਤੇ ਪੰਜਾਬ ਸਰਕਾਰ ਵੱਲੋਂ ਲਗਾਤਾਰ ਜਾਣ-ਬੁੱਝ ਕੇ ਪਾਸਾ ਵੱਟਿਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਪੰਜਾਬ ਵਿਧਾਨ ਸਭਾ ਵੱਲੋਂ ਗਠਿਤ ਸਿਲੈਕਟ ਕਮੇਟੀ ਵੱਲੋਂ ਪੱਤਰ ਨੰ: 11291 ਮਿਤੀ 19 ਅਗਸਤ 2025 ਰਾਹੀਂ ਸ਼੍ਰੋਮਣੀ ਕਮੇਟੀ ਪਾਸੋਂ “ਪੰਜਾਬ ਪਵਿੱਤਰ ਧਾਰਮਿਕ ਗ੍ਰੰਥਾਂ ਦੇ ਵਿਰੁੱਧ ਅਪਰਾਧਾਂ ਦੀ ਰੋਕਥਾਮ ਬਿੱਲ-2025” ਸਬੰਧੀ ਸੁਝਾਅ ਮੰਗੇ ਗਏ ਸਨ, ਜਿਸਦੇ ਸਬੰਧ ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਇੱਕ 15 ਮੈਂਬਰੀ ਸਬ-ਕਮੇਟੀ ਬਣਾਈ ਗਈ ਹੈ, ਜਿਸ ਵਿੱਚ ਉੱਚ ਕੋਟੀ ਦੇ ਵਕੀਲ ਸਾਹਿਬਾਨ, ਉੱਘੇ ਵਿਦਵਾਨ, ਸਨਮਾਨਿਤ ਸਮਾਜਿਕ ਸ਼ਖਸੀਅਤਾਂ ਸ਼ਾਮਲ ਹਨ। ਸਬ-ਕਮੇਟੀ ਦੀਆਂ ਸਮੇਂ-ਸਮੇਂ ਤੇ ਹੋਈਆਂ ਮੀਟਿੰਗਾਂ ਵਿੱਚ ਸਰਕਾਰ ਵੱਲੋਂ ਬਣਾਏ ਜਾਣ ਵਾਲੇ ਕਾਨੂੰਨ ਸਬੰਧੀ ਸੰਵਿਧਾਨਕ ਪੱਖ, ਧਾਰਮਿਕ ਪੱਖ, ਰਾਜਨੀਤਿਕ ਪੱਖ ਅਤੇ ਇਤਿਹਾਸਕ ਪੱਖ ਨੂੰ ਬਹੁਤ ਹੀ ਡੂੰਘਾਈ ਨਾਲ ਵਿਚਾਰਿਆ ਗਿਆ। ਇਸ ਸਬੰਧ ਵਿਚ ਸਬ-ਕਮੇਟੀ ਦੇ ਕੁਝ ਮੈਂਬਰਾਂ ਵੱਲੋਂ ਪੰਜਾਬ ਵਿਧਾਨ ਸਭਾ ਸਕੱਤਰੇਤ ਵਿਖੇ 3 ਸਤੰਬਰ 2025 ਨੂੰ ਜਾ ਕੇ ਚੇਅਰਮੈਨ, ਸਿਲੈਕਟ ਕਮੇਟੀ ਵਿਧਾਨ ਸਭਾ ਨੂੰ ਪੱਤਰ ਦੇ ਕੇ ਕੁਝ ਜਾਣਕਾਰੀ ਮਹੁੱਈਆ ਕਰਵਾਉਣ ਲਈ ਲਿਖਿਆ ਗਿਆ ਸੀ। ਮੰਗੀ ਗਈ ਜਾਣਕਾਰੀ ਵਿਚ ਇਸੇ ਮੰਤਵ ਲਈ ਪੰਜਾਬ ਵਿਧਾਨ ਸਭਾ ਵੱਲੋਂ ਸਾਲ 2016 ਅਤੇ 2018 ਵਿੱਚ ਪਾਸ ਕੀਤੇ ਗਏ ਬਿੱਲਾਂ ਵਿੱਚ ਕੀ ਘਾਟਾਂ ਸਨ ਜਿੰਨ੍ਹਾਂ ਨੂੰ ਇਸ ਬਿੱਲ ਰਾਹੀਂ ਦੂਰ ਕੀਤੇ ਜਾਣ ਦਾ ਪ੍ਰਸਤਾਵ ਹੈ। ਸਾਲ 2016 ਅਤੇ 2018 ਦੇ ਬਿਲਾਂ ਬਾਰੇ ਕੇਂਦਰ ਸਰਕਾਰ ਵੱਲੋਂ ਉਠਾਏ ਗਏ ਇਤਰਾਜਾਂ ਬਾਰੇ ਜਾਣਕਾਰੀ, ਇਹਨਾਂ ਇਤਰਾਜਾਂ ਦੇ ਹਲ ਲਈ ਸਰਕਾਰ ਵੱਲੋਂ ਕੀ ਉਪਰਾਲੇ ਕੀਤੇ ਜਾਣਗੇ ਬਾਰੇ ਜਾਣਕਾਰੀ, ਬਿੱਲ ਵਿੱਚ ਸੁਝਾਏ ਗਏ ਕਾਨੂੰਨ ਦੀ ਸੰਭਾਵੀ ਦੁਰਵਰਤੋਂ ਦੀ ਰੋਕਥਾਮ ਲਈ ਕੀ ਉਪਬੰਦ ਕੀਤਾ ਗਿਆ ਹੈ, ਬਾਰੇ ਜਾਣਕਾਰੀ ਮੰਗੀ ਗਈ ਸੀ। ਇਸ ਦੇ ਨਾਲ ਹੀ ਪੰਜਾਬੀ ਭਾਸ਼ਾ ਵਿੱਚ ਬਿੱਲ ਦਾ ਅਨੁਵਾਦ ਬਹੁਤ ਤਰੁੱਟੀਪੂਰਨ ਹੋਣ ਦੀ ਗੱਲ ਕਰਦਿਆਂ ਭਾਸ਼ਾ ਦੇ ਮਾਹਿਰਾਂ ਤੋਂ ਇਸਦੀ ਸੁਧਾਈ ਕਰਵਾਉਣ ਲਈ ਲਿਖਿਆ ਗਿਆ ਸੀ ਤਾਂ ਜੋ ਲਫ਼ਜ਼ੀ ਹੇਰਫੇਰ ਨਾਲ ਕੋਈ ਇਸ ਦਾ ਫਾਇਦਾ ਨਾ ਉਠਾ ਸਕੇ ਅਤੇ ਨਾ ਹੀ ਕੋਈ ਇਸ ਦੀ ਦੁਰਵਰਤੋਂ ਕਰ ਸਕੇ। ਇਹ ਵੀ ਲਿਖਿਆ ਗਿਆ ਸੀ ਕਿ ਕਾਨੂੰਨੀ ਪੱਖ ਤੋਂ ਵੀ ਇਸ ਬਿੱਲ ਦੀਆਂ ਕੁਝ ਮਦਾਂ ਵਿੱਚ ਅਸਪੱਸ਼ਟਤਾ ਹੈ ਜਿਸਦੀ ਕਾਨੂੰਨੀ ਦੁਰਵਰਤੋਂ ਹੋ ਸਕਦੀ ਹੈ ਅਤੇ ਕਾਨੂੰਨੀ ਪ੍ਰਕਿਰਿਆ ਵਿੱਚ ਰੁਕਾਵਟਾਂ ਖੜੀਆਂ ਹੋ ਸਕਦੀਆਂ ਹਨ।ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਉਪਰੋਕਤ ਨੁਕਤਿਆਂ ਬਾਰੇ ਜਾਣਕਾਰੀ ਮੁਹੱਈਆ ਕਰਵਾਉਣ ਦੀ ਮੰਗ ਕੀਤੀ ਗਈ ਸੀ। ਮੰਗੀ ਗਈ ਇਹ ਜਾਣਕਾਰੀ ਸੰਵਿਧਾਨ ਦੇ ਆਰਟੀਕਲ 14 ਦੇ ਮੁਤਾਬਕ ਬਣਨ ਵਾਲੇ ਕਾਨੂੰਨ ਦੀ ਉਚਿੱਤਤਾ ਦੀ ਸ਼ਰਤ ਪੂਰੀ ਕਰਨ ਲਈ ਬਹੁਤ ਜ਼ਰੂਰੀ ਹੈ।ਸ਼੍ਰੋਮਣੀ ਕਮੇਟੀ ਵੱਲੋਂ ਵੱਖ-ਵੱਖ ਸਮੇਂ ’ਤੇ ਕਈ ਪੱਤਰ ਲਿਖੇ ਗਏ, ਪ੍ਰੰਤੂ ਪੰਜਾਬ ਵਿਧਾਨ ਸਭਾ ਅਤੇ ਪੰਜਾਬ ਸਰਕਾਰ ਪਾਸੋਂ ਮੰਗੀ ਗਈ ਜਾਣਕਾਰੀ ਮੁਹੱਈਆ ਨਹੀਂ ਕਰਵਾਈ ਗਈ ਅਤੇ ਨਾ ਹੀ ਉਕਤ ਪੱਤਰਾਂ ਦਾ ਕੋਈ ਜਵਾਬ ਦਿੱਤਾ ਗਿਆ। ਸਰਕਾਰ ਵੱਲੋਂ ਸ਼੍ਰੋਮਣੀ ਕਮੇਟੀ ਜਾਂ ਸ਼੍ਰੋਮਣੀ ਕਮੇਟੀ ਵੱਲੋਂ ਗਠਿਤ ਸਬ-ਕਮੇਟੀ ਨਾਲ ਕੋਈ ਰਾਬਤਾ ਵੀ ਨਹੀਂ ਕੀਤਾ ਗਿਆ।ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਗ੍ਰਹਿ ਵਿਭਾਗ ਪੰਜਾਬ ਨੂੰ ਵੱਖ-ਵੱਖ ਸਮੇਂ ’ਤੇ ਕਈ ਯਾਦ ਪੱਤਰ ਲਿਖੇ ਗਏ, ਜਿਨ੍ਹਾਂ ਰਾਹੀਂ ਭਾਰਤੀ ਸੰਵਿਧਾਨ ਦੇ ਆਰਟੀਕਲ 200 ਅਧੀਨ ਸਾਲ 2016 ਅਤੇ 2018 ਵਿੱਚ ਪਾਸ ਕੀਤੇ ਗਏ ਬਿਲਾਂ ਸਬੰਧੀ ਕੇਂਦਰ ਸਰਕਾਰ ਨਾਲ ਕੀਤੇ ਗਏ ਪੱਤਰ ਵਿਹਾਰ ਅਤੇ ਕੇਂਦਰ ਸਰਕਾਰ/ਭਾਰਤੀ ਸੰਸਦ ਵੱਲੋਂ ਉਕਤ ਬਿਲਾਂ ਦੇ ਸਬੰਧ ਵਿੱਚ ਕੀਤੀ ਗਈ ਕਾਰਵਾਈ, ਸੁਝਾਅ, ਇੰਦਰਾਜ ਆਦਿ ਦੀ ਜਾਣਕਾਰੀ ਦੀ ਮੰਗ ਕੀਤੀ ਗਈ ਸੀ।ਉਨ੍ਹਾਂ ਦੱਸਿਆ ਕਿ ਸਬ-ਕਮੇਟੀ ਦੀ ਇਕੱਤਰਤਾ ਵਿੱਚ ਪੰਜਾਬ ਸਰਕਾਰ ਅਤੇ ਗ੍ਰਹਿ ਵਿਭਾਗ ਅਤੇ ਵਿਧਾਨ ਸਭਾ ਵੱਲੋਂ ਰਿਕਾਰਡ/ਜਾਣਕਾਰੀ ਮੁਹੱਈਆ ਨਾ ਕਰਵਾਉਣ ਕਰਕੇ ਮਹਿਸੂਸ ਕੀਤਾ ਗਿਆ ਕਿ ਸਾਲ 2016 ਅਤੇ ਸਾਲ 2018 ਵਿੱਚ ਧਾਰਾ 295 ਏ (ਏ) ਅਤੇ ਸੀ.ਆਰ.ਪੀ.ਸੀ. ਵਿੱਚ ਪ੍ਰਸਤਾਵਿਤ ਸੋਧਾਂ ਸਬੰਧੀ ਅਤੇ ਧਾਰਾ 295 ਏ ਵਿੱਚ ਸਜਾ ਨੂੰ ਵਧਾਉਣ ਸਬੰਧੀ ਕੇਂਦਰ ਸਰਕਾਰ ਵੱਲੋਂ ਦਿੱਤੇ ਗਏ ਸੁਝਾਵਾਂ ਅਤੇ ਇਤਰਾਜਾਂ ਨੂੰ ਘੋਖੇ ਬਿਨਾਂ ਉਕਤ “ਪੰਜਾਬ ਪਵਿੱਤਰ ਧਾਰਮਿਕ ਗ੍ਰੰਥਾਂ ਦੇ ਵਿਰੁੱਧ ਅਪਰਾਧਾਂ ਦੀ ਰੋਕਥਾਮ ਬਿਲ 2025” ਸਬੰਧੀ ਮੰਗੇ ਗਏ ਸੁਝਾਅ ਨਹੀਂ ਦਿੱਤੇ ਜਾ ਸਕਦੇ। ਇਸ ਮਹੱਤਵਪੂਰਨ ਪੱਖ ’ਤੇ ਡੂੰਘੀ ਵਿਚਾਰ ਕੀਤੀ ਕਿ ਭਾਰਤੀ ਸਮਾਜ ਇਤਿਹਾਸਕ ਅਤੇ ਸਮਾਜਿਕ ਦ੍ਰਿਸ਼ਟੀਕੋਣ ਤੋਂ ਵੀ ਵੰਨ-ਸੁਵੰਨਾ ਹੈ ਕਿਉਂਕਿ ਇਹ ਵੱਖ-ਵੱਖ ਧਰਮਾਂ, ਫਿਰਕਿਆਂ ਅਤੇ ਵਿਸ਼ਵਾਸ਼ਾਂ ਦਾ ਮਿਸ਼ਰਣ ਹੈ। ਸਭਨਾ ਦੇ ਧਰਮ-ਸ਼ਾਸਤਰ, ਪੂਜਾ ਦੇ ਢੰਗ, ਸਮਾਜਿਕ ਰੀਤਾਂ ਅਤੇ ਧਾਰਮਿਕ ਸ਼ਾਸਤਰਾਂ ਪ੍ਰਤੀ ਸ਼ਰਧਾ ਦੇ ਮਾਪਦੰਡ ਵੀ ਵੱਖਰੇ-ਵੱਖਰੇ ਹਨ। ਵੱਖ-ਵੱਖ ਧਰਮਾਂ ਨੂੰ ਮੰਨਣ ਵਾਲਿਆਂ ਦੇ ਮਨਾਂ ਵਿੱਚ ਉਹਨਾਂ ਧਰਮਾਂ ਦੇ ਪਵਿੱਤਰ ਗ੍ਰੰਥਾਂ ਪ੍ਰਤੀ ਸਤਿਕਾਰ ਦੀ ਭਾਵਨਾ ਦੀਆਂ ਵੀ ਵੱਖ-ਵੱਖ ਧਾਰਨਾਵਾਂ ਹਨ, ਜੋ ਕਿ ਸਦੀਆਂ ਤੋਂ ਚਲੀਆਂ ਆ ਰਹੀਆਂ ਧਾਰਮਿਕ ਰੀਤਾਂ, ਮਾਨਤਾ ਪ੍ਰਾਪਤ ਫਿਲੋਸਫੀ ਅਤੇ ਧਾਰਮਿਕ ਵਿਸ਼ਵਾਸਾਂ ਦੇ ਵਿਕਾਸ ਕਿਰਿਆਵਾਂ ਦਾ ਨਤੀਜਾ ਹਨ। ਉਕਤ ਕਾਰਨਾਂ ਕਰਕੇ ਸਭਨਾਂ ਦੇ ਧਾਰਮਿਕ ਜਜਬਾਤ ਵੀ ਇੱਕਸਾਰ ਨਹੀਂ ਹਨ ਸਗੋਂ ਆਪਣੇ-ਆਪਣੇ ਧਰਮ ਗ੍ਰੰਥਾਂ ਵਿਚਲੇ ਸੰਦਰਭ ਅਤੇ ਵਿਸ਼ੇਸ ਸਮੁਦਾਇ ਦੀਆਂ ਸੋਚਾਂ ਦੀ ਉਪਜ ਹੁੰਦੇ ਹਨ।ਇਸ ਲਈ ਸਬ-ਕਮੇਟੀ ਦੇ ਮੈਂਬਰਾਂ ਦਾ ਮੰਨਣਾ ਹੈ ਕਿ ਸਮਾਜਿਕ ਦ੍ਰਿਸ਼ਟੀਕੋਣ ਤੋਂ ਵੀ ਭਾਰਤ ਵਿੱਚ ਧਰਮ ਕੇਵਲ ਮੰਨਣ ਦਾ ਸਿਧਾਂਤ/ਵਿਸ਼ਾ ਨਹੀਂ ਹੈ, ਸਗੋਂ ਇਹ ਇੱਕ ਸਮਾਜਿਕ ਸੰਸਥਾ ਹੈ ਜੋ ਕਿ ਇਨਸਾਨ ਦੀ ਪਹਿਚਾਣ, ਨੈਤਿਕਤਾ ਅਤੇ ਸਮੁੱਚੀ ਜਿੰਦਗੀ ਨੂੰ ਪ੍ਰਭਾਵਿਤ ਕਰਦੀ ਹੈ। ਉਨ੍ਹਾਂ ਕਿਹਾ ਕਿ ਇਸ ਲਈ ਪ੍ਰਸਤਾਵਿਤ ਬਿੱਲ ਸਬੰਧੀ ਵਿਧਾਨ ਸਭਾ ਦੀ ਸਿਲੈਕਟ ਕਮੇਟੀ ਵੱਲੋਂ ਸ਼੍ਰੋਮਣੀ ਕਮੇਟੀ ਪਾਸੋਂ ਮੰਗੇ ਸੁਝਾਅ ਦੇਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਮੰਗੀ ਗਈ ਜਾਣਕਾਰੀ ਅਤਿਅੰਤ ਜ਼ਰੂਰੀ ਹੈ, ਜਿਸ ਉਪਰੰਤ ਹੀ ਸ਼੍ਰੋਮਣੀ ਕਮੇਟੀ ਪਾਸੋਂ ਮੰਗੇ ਗਏ ਸੁਝਾਅ ਸਾਰਥਿਕ ਢੰਗ ਨਾਲ ਭੇਜੇ ਜਾ ਸਕਦੇ ਹਨ ਪ੍ਰੰਤੂ ਸ਼੍ਰੋਮਣੀ ਕਮੇਟੀ ਵੱਲੋਂ ਵਾਰ-ਵਾਰ ਪੱਤ੍ਰਿਕਾਵਾਂ ਲਿਖ ਕੇ ਮੰਗਿਆ ਗਿਆ ਰਿਕਾਰਡ/ਜਾਣਕਾਰੀ ਸਰਕਾਰ ਵੱਲੋਂ ਜਾਣ-ਬੁੱਝ ਕੇ ਮੁਹੱਈਆ ਨਾ ਕਰਵਾਉਣਾ ਬਹੁਤ ਹੀ ਮੰਦਭਾਗਾ ਹੈ। ਮੰਗੀ ਗਈ ਜਾਣਕਾਰੀ/ਰਿਕਾਰਡ ਸ਼੍ਰੋਮਣੀ ਕਮੇਟੀ ਨੂੰ ਮੁਹੱਈਆ ਨਾ ਕਰਵਾਉਣ ਵਾਲਾ ਵਿਵਹਾਰ ਇਹ ਦਰਸਾਉਂਦਾ ਹੈ ਕਿ ਸਿਲੈਕਟ ਕਮੇਟੀ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਸੁਝਾਅ ਦੇਣ ਲਈ ਜਾਰੀ ਕੀਤਾ ਗਿਆ ਪੱਤਰ ਮਹਿਜ ਇੱਕ ਦਿਖਾਵਾ ਹੈ।




# ਜੋ ਰਤੁ ਪੀਵਹਿ ਮਾਣਸਾ

ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ॥
ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ ॥(ਅੰਗ ੧੪੦)

ਇਹ ਪਾਵਨ ਸਤਰਾਂ ਪਹਿਲੇ ਪਾਤਸ਼ਾਹ ਗੁਰੂ ਨਾਨਕ ਸਾਹਿਬ ਦੁਆਰਾ ਰਚਿਤ ਵਿਚ ਦਰਜ ਸਲੋਕਾਂ ਵਿਚੋਂ ਲਈਆਂ ਗਈਆਂ ਹਨ। ਇਨ੍ਹਾਂ ਸਤਰਾਂ ਵਿਚ ਗੁਰੂ ਜੀ ਲੋਕਾਈ ਨੂੰ ਲੁੱਟਣ ਵਾਲਿਆਂ ਦੇ ਕੋਝੇ ਕਿਰਦਾਰ ਤੇ ਵਿਹਾਰ ਨੂੰ ਜ਼ਾਹਰ ਕਰਦੇ ਹਨ। 'ਵਾਰ ਮਾਝ ਕੀ' ਵਿਚ ਗੁਰੂ ਜੀ ਫਰਮਾਨ ਕਰਦੇ ਹਨ ਕਿ ਜੇਕਰ ਕਿਸੇ ਬਸਤਰ ਨੂੰ ਲਹੂ ਲੱਗ ਜਾਵੇ ਤਾਂ ਉਹ ਬਸਤਰ ਗੰਦਾ (ਪਲੀਤ) ਹੋ ਗਿਆ ਸਮਝ ਲਿਆ ਜਾਂਦਾ ਹੈ ਪਰ ਜਿਹੜੇ ਬੰਦੇ ਇਨਸਾਨਾਂ ਦਾ ਲਹੂ ਚੂਸਦੇ ਹਨ ਭਾਵ ਮਜ਼ਲੂਮਾਂ 'ਤੇ ਜ਼ੁਲਮ ਕਰਦੇ ਹਨ, ਉਨ੍ਹਾਂ ਦਾ ਮਨ ਭਲਾ ਕਿਸ ਤਰ੍ਹਾਂ ਸਾਫ ਹੋ ਸਕਦਾ ਹੈ ? ਕਹਿਣ ਤੋਂ ਭਾਵ ਇਹ ਹੈ ਕਿ ਐਸੇ ਬੰਦੇ, ਬਹੁਤ ਹੀ ਮਲੀਨ ਬੁੱਧੀ ਦੇ ਮਾਲਕ ਹੁੰਦੇ ਹਨ।ਦਰਅਸਲ ਇਹ ਸਤਰਾਂ ਕਿਸੇ ਕਾਜ਼ੀ ਨੂੰ ਅਸਲ ਧਰਮ ਸਮਝਾਉਣ ਦੇ ਪ੍ਰਥਾਏ ਉਚਾਰੀਆਂ ਗਈਆਂ ਹਨ। ਗੁਰੂ ਜੀ ਦੇ ਸਮੇਂ ਜਿਥੇ ਹਾਕਮ ਸ਼੍ਰੇਣੀ ਲੋਕਾਈ ਦੀ ਰਖਵਾਲੀ ਕਰਨ ਦੀ ਆਪਣੀ ਮੂਲ ਜ਼ੁੰਮੇਵਾਰੀ ਮੂਲੋਂ ਹੀ ਭੁਲਾ ਕੇ ਉਸ ਉੱਪਰ ਜਬਰ, ਜ਼ੁਲਮ ਦੇ ਕਹਿਰ ਵਰਤਾ ਰਹੀ ਸੀ ਉਥੇ ਕਾਜ਼ੀ, ਮੁੱਲਾਂ, ਮੁਲਾਣੇ (ਪੁਜਾਰੀ ਜਮਾਤ) ਵੱਲੋਂ ਲੋਕਾਂ ਉਪਰ ਘੋਰ ਅਨਿਆਂ ਵਰਤਾ ਰਹੇ ਸਨ ।ਉਹ ਹਾਕਮਾਂ ਦੇ ਗਲਤ ਫੈਸਲਿਆਂ ਉਪਰ ਧਰਮ ਦੀ ਮੋਹਰ ਲਾ ਰਹੇ ਸਨ। ਅਮੀਰ ਅਹਿਲਕਾਰ ਵੀ ਲੋਕਾਈ ਨੂੰ ਬੜੀ ਬੇਕਿਰਕੀ ਨਾਲ ਲੁੱਟ ਰਹੀ ਸੀ। ਮਨੁੱਖਤਾ ਪ੍ਰਤੀ ਸੱਚਾ ਦਰਦ ਰੱਖਣ ਵਾਲੇ ਗੁਰੂ ਨਾਨਕ ਪਾਤਸ਼ਾਹ ਦਾ ਹਿਰਦਾ ਇਸ ਅਣਮਨੁੱਖੀ ਲੁੱਟ ਦਾ ਵਰਤਾਰਾ ਦੇਖ ਕੇ ਜਿਥੇ ਪੀੜਤ ਹੋਇਆ, ਉਥੇ ਆਪ ਜੀ ਨੇ ਇਸ ਵਰਤਾਰੇ ਦੇ ਵਿਰੁੱਧ ਜ਼ੋਰਦਾਰ ਆਵਾਜ਼ ਵੀ ਬੁਲੰਦ ਕੀਤੀ। ਗੁਰੂ ਜੀ ਦੇ ਪੂਰਨਿਆਂ 'ਤੇ ਹੀ ਚੱਲ ਕੇ ਇਹ ਸਸ਼ਕਤ ਗੁਰਮਤਿ ਲਹਿਰ ਪੈਦਾ ਹੋਈ ਜਿਸ ਨੇ ਸਮਾਜ ਵਿਚ ਸਿਫਤੀ ਤਬਦੀਲੀ ਲਿਆਂਦੀ ।ਅੱਜ ਵੀ ਅਸੀਂ ਆਪਣੇ ਸਮਾਜਕ, ਰਾਜਸੀ ਤੇ ਸਭਿਆਚਾਰਕ ਚੌਗਿਰਦੇ ਵਿਚ ਮੁੜ ਇਨਸਾਨਾਂ ਦਾ ਲਹੂ ਚੂਸਣ ਵਾਲੇ ਕਿਰਦਾਰ, ਵਿਹਾਰ ਤੇ ਅਣਚਾਹੇ ਵਰਤਾਰੇ ਮੁੜ ਵਰਤਦੇ ਵੇਖ ਰਹੇ ਹਾਂ। ਪਰ ਅਸੀਂ ਗੁਰੂ ਨਾਨਕ ਨਾਮ-ਲੇਵਾ ਸਿੱਖ ਅਖਵਾਉਂਦੇ ਹੋਏ ਵੀ ਇਸ ਵਿਰੁੱਧ ਬੋਲਣ ਤੋਂ ਗੁਰੇਜ਼ ਹੀ ਕਰਦੇ ਹਾਂ। ਸਾਡਾ ਅਜਿਹਾ ਗਲਤ ਪੈਂਤੜਾ, ਸਾਨੂੰ ਸਿੱਖੀ-ਮਾਰਗ 'ਤੇ ਗੁਰਮਤਿ ਗਾਡੀ ਰਾਹ ਤੋਂ ਦੂਰ ਰੱਖ ਰਿਹਾ ਹੈ। ਜੇਕਰ ਅਸੀਂ ਸਹੀ ਮਾਅਨਿਆਂ ਵਿਚ ਸਿੱਖ ਹਾਂ ਤਾਂ ਸਾਨੂੰ ਆਪਣੇ ਆਲੇ-ਦੁਆਲੇ ਵਿਚ ਕਿਸੇ ਪ੍ਰਕਾਰ ਦਾ ਜ਼ੁਲਮ, ਜਬਰ ਹੁੰਦਾ ਵੇਖ ਕੇ ਉਸ ਨੂੰ ਅਣਡਿੱਠ ਕਰ ਛੱਡਣ ਦਾ ਸੌਖਪ੍ਰਸਤੀ ਵਾਲਾ ਪੈਂਤੜਾ ਛੱਡਣਾ ਹੋਵੇਗਾ, ਕਿਉਂ ਜੋ ਗੁਰੂ ਜੀ ਦੀ ਸਾਫ ਸਿੱਧੀ ਪੁਕਾਰ ਹੈ :


ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ ॥ (ਅੰਗ ੧੪੧੨)

ਸੋ ਲੋੜ ਹੈ, ਲੋਕਾਂ ਦੀ ਰੱਤ ਪੀਣ ਵਾਲਿਆਂ ਵਿਰੁੱਧ ਜ਼ੋਰਦਾਰ ਆਵਾਜ਼ ਬੁਲੰਦ ਕੀਤੀ ਜਾਵੇ ਅਤੇ ਉਨ੍ਹਾਂ ਦੀ ਨਿਸ਼ਾਨਦੇਹੀ ਕਰ ਕੇ, ਉਨ੍ਹਾਂ ਦੇ ਮਨਾਂ ਤੋਂ ਜਬਰ-ਜ਼ੁਲਮ ਰੂਪੀ ਮਲੀਨਤਾ ਨੂੰ ਧੋਣ ਦੇ ਢੁਕਵੇਂ ਜਤਨ ਅਰੰਭੇ ਜਾਣ !

# ਖ਼ਾਲਸਾ ਅਖ਼ਬਾਰ

ਗਿਆਨੀ ਦਿੱਤ ਸਿੰਘ ਜੀ ਦਾ ਪੰਜਾਬੀ ਪੱਤਰਕਾਰੀ ਨਾਲ ਬਹੁਤ ਗੂੜਾ ਸਬੰਧ ਰਿਹਾ ਤੇ ਖ਼ਾਲਸਾ ਅਖ਼ਬਾਰ (ਸਪਤਾਹਿਕ) ਜੋ ੧੩ ਜੂਨ ੧੮੮੬ ਈ. ਨੂੰ ਸ਼ੁਰੂ ਹੋਇਆ ਸੀ, ਇਹ ਸਿੰਘ ਸਭਾ ਲਾਹੌਰ ਨੇ ਆਪਣੇ ਉਦੇਸ਼ਾਂ ਤੇ ਪ੍ਰਚਾਰ ਨੂੰ ਮੁੱਖ ਰੱਖ ਕੇ ਸ਼ੁਰੂ ਕੀਤਾ ਸੀ। ਫਿਰ ੧੦ ਜੁਲਾਈ ੧੮੮੬ ਈ. ਤੋਂ ਖ਼ਾਲਸਾ ਅਖ਼ਬਾਰ ਦਾ ਨਾਮ 'ਖ਼ਾਲਸਾ ਅਖ਼ਬਾਰ ਲਾਹੌਰ ਲਿਖਣਾ ਸ਼ੁਰੂ ਹੋਇਆ। ਖ਼ਾਲਸਾ ਅਖਬਾਰ ਦੇ ਉਸ ਸਮੇਂ ਛਪੇ ਸੰਪਾਦਕੀ ਲੇਖਾਂ ਤੋਂ ਮਹਿਸੂਸ ਹੁੰਦਾ ਹੈ ਕਿ ਇਸ ਸਮੇਂ ਤੋਂ ਹੀ ਗਿਆਨੀ ਦਿੱਤ ਸਿੰਘ ਜੀ ਨੇ ਬਤੌਰ ਸੰਪਾਦਕ ਜ਼ਿੰਮੇਵਾਰੀ ਸੰਭਾਲ ਲਈ ਸੀ। ਫਿਰ ਅਕਤੂਬਰ ੧੮੮੯ ਤੋਂ ਬਾਅਦ ਇਸ ਅਖ਼ਬਾਰ ਦਾ ਕੋਈ ਵੀ ਅੰਕ ਪੜ੍ਹਨ ਨੂੰ ਨਹੀਂ ਮਿਲਿਆ ਤੇ ਕੁਝ ਸਮੇ ਲਈ ਇਹ ਅਖ਼ਬਾਰ ਛਪਣਾ ਬੰਦ ਹੋ ਗਿਆ ਸੀ। ਫਿਰ ੧ ਮਈ ੧੮੯੩ ਈ. ਤੋਂ ਲੈ ਕੇ ੨੩ ਅਗਸਤ ੧੯੦੧ ਈ. ਤੱਕ 'ਖ਼ਾਲਸਾ ਅਖ਼ਬਾਰ ਲਾਹੌਰ ਗਿਆਨੀ ਜੀ ਦੀ ਸੰਪਾਦਨਾ ਹੇਠ ਪ੍ਰਕਾਸ਼ਤ ਹੁੰਦਾ ਰਿਹਾ। ਪਹਿਲਾਂ ਇਹ ੮ ਪੰਨਿਆਂ ਦਾ ਸੀ ਪਰ ਜਨਵਰੀ ੧੮੯੮ ਤੋਂ ੧੨ ਪੰਨਿਆਂ ਦਾ ਛਪਣਾ ਸ਼ੁਰੂ ਹੋਇਆ। ੩੦ ਅਗਸਤ ੧੯੦੧ ਨੂੰ ਗਿਆਨੀ ਜੀ ਦੀ ਸਿਹਤ ਵਧੇਰੇ ਖ਼ਰਾਬ ਹੋਣ ਕਰਕੇ ਭਾਈ ਮੱਯਾ ਸਿੰਘ ਜੀ ਨੇ ਸੰਪਾਦਕੀ ਲਿਖੀ ਹੈ। ਫਿਰ ੬ ਸਤੰਬਰ ੧੯੦੧ ਨੂੰ ਦਿਨ ਦੇ ਸਾਢੇ ਦਸ ਵਜੇ ਗਿਆਨੀ ਜੀ ਅਕਾਲ ਚਲਾਣਾ ਕਰ ਗਏ। ਖ਼ਾਲਸਾ ਅਖ਼ਬਾਰ ਲਾਹੌਰ ਨੂੰ ਜਿਸ ਸਫ਼ਲਤਾ ਤੇ ਚੜ੍ਹਦੀ ਕਲਾ ਨਾਲ ਗਿਆਨੀ ਜੀ ਨੇ ਚਲਾਇਆ,ਇਹ ਸਿੱਖ ਪੱਤਰਕਾਰੀ ਨੂੰ ਉਹਨਾਂ ਦੀ ਮਹਾਨ ਦੇਣ ਕਹੀ ਜਾ ਸਕਦੀ ਹੈ। ਇਸ ਅਖ਼ਬਾਰ ਨੇ ਸਿੱਖ ਪੰਥ ਵਿਚ ਪੁਨਰ ਜਾਗ੍ਰਿਤੀ ਲਿਆਉਣ ਅਹਿਮ ਭੂਮਿਕਾ ਨਿਭਾਈ ਹੈ। ਬਾਅਦ ਵਿਚ ਇਹ ਅਖ਼ਬਾਰ ੧੯੦੫ ਈ. ਤੱਕ ਭਾਈ ਮੱਯਾ ਸਿੰਘ ਜੀ ਦੀ ਸੰਪਾਦਨਾ ਹੇਠ ਪ੍ਰਕਾਸ਼ਤ ਹੁੰਦਾ ਰਿਹਾ ਅਤੇ ਬਾਅਦ ਵਿਚ ਸਮੇਂ ਦੇ ਗੇੜ ਵਿਚ ਚਲਦਾ ਹੋਇਆ ਬੰਦ ਹੋ ਗਿਆ।

ਅਸੀਂ ਆਪਣੇ ਉਨ੍ਹਾਂ ਪੁਰਖਿਆਂ ਦੇ ਪਾਏ ਪੂਰਨਿਆਂ 'ਤੇ ਚਲਦੇ ਹੋਏ ਮੁੜ ਕੋਸ਼ਿਸ਼ ਕਰ ਕੇ 'ਖ਼ਾਲਸਾ ਅਖ਼ਬਾਰ' ਨੂੰ ਦੁਬਾਰਾ ਪ੍ਰਕਾਸ਼ਿਤ ਕਰ ਕੇ ਪਾਠਕਾਂ ਦੀ ਖੁਸ਼ੀ ਲੈ ਰਹੇ ਹਾਂ। ਇਸ ਵਿਚ ਸਿੱਖ ਰਹਿਤ ਮਰਯਾਦਾ, ਸਿੱਖ ਇਤਿਹਾਸ, ਸਿੱਖ ਸਿਧਾਂਤਾਂ, ਸਿੱਖ ਸਰਗਰਮੀਆਂ ਨਾਲ ਸੰਬੰਧਿਤ ਪੰਥ ਦੇ ਉੱਘੇ ਵਿਦਵਾਨਾਂ, ਦਾਰਸ਼ਨਿਕਾਂ ਤੇ ਚਿੰਤਕਾਂ ਆਦਿ ਦੇ ਲੇਖ ਪੜ੍ਹਨ ਨੂੰ ਮਿਲਣਗੇ।




# ਇੱਕ ਕੋਸ਼ਿਸ਼

## ਸਾਡੇ ਪੁਰਾਤਨ ਅਖ਼ਬਾਰ ਨੂੰ ਮੁੜ ਤੋਂ ਸੁਰਜੀਤ ਕਰਨ ਦੀ

## ਪੁਰਖਿਆਂ ਦੀ ਪੈੜ 'ਚ ਪੈਰ ਧਰਦਾ 'ਖ਼ਾਲਸਾ ਅਖ਼ਬਾਰ'

**ਆਪ ਪੜ੍ਹੋ ਤੇ ਹੋਰਨਾਂ ਨੂੰ ਪੜ੍ਹਾਓ !**

+44 74913 74913
www.khalsaakhbaar.com
editor@khalsaakhbaar.com
@khalsaakhbaar

